ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

25 ਨਵੰਬਰ 2025

ਸਾਲ 16ਵਾਂ - ਅੰਕ 48
email : info@sadelok.com

Ph. : 510-706-1300
Fax : 925-373-1300

SADE LOK



# ਕਥਾ ਸਮਾਗਮ

## ਅਮਰੀਕਾ

### ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

1050 S Graham RD. Greenwood, Indiana 46143

27 ਨਵੰਬਰ (ਵੀਰਵਾਰ): ਸ਼ਾਮ 7:00 ਤੋਂ 8:00 ਵਜੇ ਤੱਕ

'8 ਨਵੰਬਰ (ਸ਼ੁੱਕਰਵਾਰ): ਸ਼ਾਮ 6:40 ਤੋਂ 7:40 ਵਜੇ ਤੱਕ

### ਗੁਰਦੁਆਰਾ ਸਾਹਿਬ ਸਿੱਖ ਰਿਲੀਜੀਅਸ ਸੁਸਾਇਟੀ

Crown Point Indiana

28 ਨਵੰਬਰ (ਸ਼ੁੱਕਰਵਾਰ): ਦੁਪਹਿਰ 12:00 ਤੋਂ 1:00 ਵਜੇ ਤੱਕ

### ਗੁਰਦੁਆਰਾ ਸੰਤ ਸਾਗਰ ਅਤੇ ਆਲ ਗੁਰਦੁਆਰਾ ਕਮੇਟੀ

Alley Pond Park 79-20 Winchester BLVD, Queens Village

29 ਨਵੰਬਰ (ਸ਼ਨੀਵਾਰ): ਦੁਪਹਿਰ 12:45 ਤੋਂ 01:15 ਵਜੇ ਤੱਕ

### ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ

1280 Winnetka Street, Palatine, IL 60067

'29 ਨਵੰਬਰ (ਸ਼ਨੀਵਾਰ): ਸ਼ਾਮ 7:20 ਤੋਂ 8:20 ਵਜੇ ਤੱਕ

'30 ਨਵੰਬਰ (ਐਤਵਾਰ): ਸਵੇਰੇ 11:45 ਤੋਂ ਦੁਪਹਿਰ 1:05 ਵਜੇ ਤੱਕ

## ਕੈਨੇਡਾ



### ਗੁਰਦੁਆਰਾ ਨਾਨਕਸਰ

64 Timebelane Dr. Bromption, ON

01 ਦਸੰਬਰ (ਸੋਮਵਾਰ): ਸ਼ਾਮ 7:45 ਤੋਂ 8:00 ਵਜੇ ਤੱਕ

## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ

ਹੈਡ ਗ੍ਰੰਥੀ. ਗੁਰਦੁਆਰਾ ਬੰਗਲਾ ਸਾਹਿਬ ਦਿੱਲੀ

+917-957-1313 (ਯੂ.ਐਸ.ਏ.) ਵਾਟਸਐਪ : +91 93137 51313

Giani Ranjit Singh Head Granthi Gurdwara Bangla Sahib

Head Granthi Ranjit Singh Bangla Sahib

s_sranjitsingh1313_official




## ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ



ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ
350ਵੇਂ ਸ਼ਹੀਦੀ ਦਿਹਾੜੇ ਤੇ

**ਐਤਵਾਰ 30 ਨਵੰਬਰ**

ਨੂੰ ਸਵੇਰੇ ਅਖੰਡ ਪਾਠ ਦੇ ਭੋਗ ਅਤੇ
ਕਥਾ-ਕੀਰਤਨ ਦੇ ਪ੍ਰਵਾਹ ਉਪਰੰਤ
ਵੱਖ-ਵੱਖ ਗੁਰਦੁਆਰਿਆਂ
ਅਤੇ ਸਿੱਖ ਜਥੇਬੰਦੀਆਂ ਦੇ
ਸਹਿਯੋਗ ਅਤੇ ਸ਼ਮੂਲੀਅਤ ਨਾਲ
ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ
ਦੁਪਹਿਰ 12 ਵਜੇ

# ਸ਼ਹੀਦੀ ਕਾਨਫਰੰਸ

ਹੋਵੇਗੀ, ਜਿਸ ਵਿੱਚ ਪੰਥਕ ਬੁਲਾਰੇ ਗੁਰੂ ਸਾਹਿਬ ਦੀ ਸ਼ਹੀਦੀ ਦੀ ਰੌਸ਼ਨੀ ਵਿੱਚ ਕੌਮ ਦੇ ਵਰਤਮਾਨ ਅਤੇ ਭਵਿੱਖ ਬਾਰੇ ਵਿਚਾਰਾਂ ਸਾਂਝੀਆਂ ਕਰਨਗੇ।

ਦੂਰ ਨੇੜੇ ਦੀਆਂ ਸਮੂਹ ਸੰਗਤਾਂ ਨੂੰ ਕਾਨਫਰੰਸ ਵਿੱਚ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 510.790.0177

ਗੁਰਦੁਆਰਾ ਸਾਹਿਬ ਫਰੀਮੌਂਟ
GURDWARA SAHIB FREMONT

**ਜਾਰੀ ਕਰਤਾ:**

ਗੁਰਦੁਆਰਾ ਸਾਹਿਬ ਫਰੀਮੌਂਟ, ਸਿੱਖ ਪੰਚਾਇਤ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਜੈਕਾਰਾ, ਸਿੱਖ ਕਾਕਸ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਯੂਥ ਔਫ ਅਮੈਰਿਕਾ, ਸਿੱਖ ਫੈਡਰੇਸ਼ਨ ਯੂ.ਐਸ.ਏ.

# ਅਜੋਕੇ ਹਾਲਾਤ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਮਹੱਤਵ

25 ਨਵੰਬਰ ਨੂੰ ਸਿੱਖਾਂ ਦੇ 9ਵੇਂ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਹੈ। ਕਈ ਸਰਕਾਰਾਂ, ਸੂਬੇ ਤੇ ਦਿੱਲੀ ਇਸ ਸੰਬੰਧੀ ਸਮਾਗਮ ਕਰ ਰਹੀਆਂ ਹਨ। ਆਰ.ਐੱਸ.ਐੱਸ. ਵੀ ਮਨੁੱਖੀ ਇਤਿਹਾਸ ਦੀ ਇਸ ਵਿਲੱਖਣ ਘਟਨਾ ਨੂੰ ਮਨਾ ਸਕਦੀ ਹੈ। ਕਿਸੇ ਦੂਸਰੇ ਧਰਮ ਦੇ ਪੈਰੋਕਾਰਾਂ ਦੀ ਰੱਖਿਆ ਦੇ ਲਈ ਸਵੈ-ਇੱਛਾ ਨਾਲ ਆਪਣੀ ਜਾਨ ਕੁਰਬਾਨ ਕਰ ਦੇਣ ਦੀ ਅਜਿਹੀ ਕੋਈ ਹੋਰ ਉਦਾਹਰਨ ਨਹੀਂ ਮਿਲਦੀ। ਦਰਅਸਲ ਗੁਰੂ ਸਾਹਿਬ ਦੀ ਸ਼ਹਾਦਤ ਦੀ ਅਸਲ ਅਹਿਮੀਅਤ 'ਤੇ ਸਵਾਲ ਉੱਠਦਾ ਹੈ, ਜਿਨ੍ਹਾਂ ਨੂੰ ਭਾਰਤ ਵਿਚ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਇਸ ਦਾ ਇਕ ਮਤਲਬ ਇਹ ਕੱਢਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਹਿੰਦੂਆਂ ਖਾਸ ਕਰਕੇ ਕਸ਼ਮੀਰੀ ਪੰਡਿਤਾਂ ਦੇ ਰਖਵਾਲੇ ਸਨ, ਜਿਨ੍ਹਾਂ ਨੂੰ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ 'ਤੇ ਇਸਲਾਮ ਕਬੂਲਣ ਲਈ ਮਜਬੂਰ ਕੀਤਾ ਜਾ ਰਿਹਾ ਸੀ ਉਨ੍ਹਾਂ ਆਪਣੀ ਰੱਖਿਆ ਲਈ ਗੁਰੂ ਜੀ ਨੂੰ ਬੇਨਤੀ ਕੀਤੀ ਸੀ। ਗੁਰੂ ਜੀ ਦੀ 1675 ਵਿਚ ਸ਼ਹਾਦਤ ਤੋਂ ਬਾਅਦ ਜਨਮੇ ਪ੍ਰਸਿੱਧ ਸੂਫੀ ਕਵੀ ਬੁੱਲ੍ਹੇ ਸ਼ਾਹ ਨੇ ਗੁਰੂ ਜੀ ਨੂੰ 'ਜੱਗ ਦੀ ਚਾਦਰ' ਦੱਸਦਿਆਂ ਇਕ ਦੋਹਰਾ ਲਿਖਿਆ:

**ਕਿਤੇ ਚੋਰ ਬਣੇ ਕਿਤੇ ਕਾਜ਼ੀ ਹੋ,**
**ਕਿਤੇ ਮਿੰਬਰ 'ਤੇ ਬਹਿ ਵਾਅਜ਼ੀ ਹੋ,**
**ਕਿਤੇ ਤੇਗ਼ ਬਹਾਦਰ ਗਾਜ਼ੀ ਹੋ**
**ਆਪੇ ਆਪਣਾ ਕਦਕ ਬਣਾਈ ਦਾ,**
**ਹੁਣ ਕਿਸ ਤੋਂ ਆਪ ਛੁਪਾਈ ਦਾ।**

ਉਨ੍ਹਾਂ ਗੁਰੂ ਸਾਹਿਬ ਨੂੰ ਇਕ 'ਗਾਜ਼ੀ' (ਅਧਿਆਤਮਿਕ ਯੋਧੇ) ਦਾ ਦਰਜਾ ਦਿੱਤਾ ਜੋ ਇਕ ਫੌਜੀ ਯੁੱਧ ਵਾਂਗ ਧਰਮ ਦੇ ਲਈ ਲੜਦਾ ਹੋਇਆ ਕੁਰਬਾਨ ਹੋ ਜਾਂਦਾ ਹੈ। ਬੁੱਲੇ ਸ਼ਾਹ ਵਲੋਂ ਗੁਰੂ ਜੀ ਦੀ ਕੀਤੀ ਵਡਿਆਈ ਤੋਂ ਮੁਸਲਿਮ ਕੱਟੜਪੰਥੀ ਤੇ ਮੌਲਵੀ ਨਾਰਾਜ਼ ਹੋਏ, ਪਰ ਇਹ ਇਕ ਮਹੱਤਵਪੂਰਨ ਨੁਕਤੇ ਨੂੰ ਛੂੰਹਦਾ ਹੈ। ਗੁਰੂ ਸਾਹਿਬ ਦੀ ਸਰਬਉੱਚ ਕੁਰਬਾਨੀ ਸਿਰਫ਼ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਔਰੰਗਜ਼ੇਬ ਦੀ ਕੱਟੜਤਾ ਨੂੰ ਚੁਣੌਤੀ ਦੇਣ ਨਾਲੋਂ ਕਿਤੇ ਵੱਡੀ ਸੀ, ਕਿਉਂਕਿ ਉਹ ਬੁਨਿਆਦੀ ਮਨੁੱਖੀ ਅਧਿਕਾਰ ਭਾਵ ਵਿਸ਼ਵਾਸ ਤੇ ਜ਼ਮੀਰ ਦੀ ਆਜ਼ਾਦੀ ਨੂੰ ਬਚਾਅ ਰਹੇ ਸਨ। ਇਹ ਸਿਧਾਂਤ ਅੱਜ ਵੀ ਓਨਾ ਹੀ ਠੀਕ ਹੈ ਜਿੰਨਾ ਲਗਭਗ ਸਾਢੇ 5 ਸਦੀਆਂ ਪਹਿਲਾਂ ਸੀ, ਜਦੋਂ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ ਸੀ। ਇਸ ਲਈ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਿੱਖ ਧਰਮ ਦੇ ਵਿਕਾਸ 'ਤੇ ਇਕ ਨਜ਼ਰ ਮਾਰਨੀ ਜ਼ਰੂਰੀ ਹੈ। ਬਾਬਰ ਜਿਸ ਨੇ ਮੁਗਲ ਰਾਜਵੰਸ਼ ਦੀ ਸਥਾਪਨਾ ਕਰਕੇ 1526 ਤੋਂ 1530 ਤੱਕ ਭਾਰਤ 'ਤੇ ਰਾਜ ਕੀਤਾ, ਉਸ ਤੋਂ ਬਾਅਦ ਉਸ ਦੇ ਪੁੱਤਰ ਹਮਾਯੂੰ ਨੇ 10 ਸਾਲ ਰਾਜ ਕੀਤਾ। ਹਮਾਯੂੰ ਨੇ 1540 ਵਿਚ ਸ਼ੇਰ ਸ਼ਾਹ ਸੂਰੀ ਤੋਂ ਹਾਰਨ ਬਾਅਦ ਈਰਾਨ ਵੱਲ ਜਾਂਦਿਆਂ ਗੁਰੂ ਅੰਗਦ ਦੇਵ ਜੀ ਦਾ ਅਸ਼ੀਰਵਾਦ ਲਿਆ ਸੀ। ਉਹ 1555 ਵਿਚ ਦਿੱਲੀ ਦੀ ਗੱਦੀ ਮੁੜ ਪ੍ਰਾਪਤ ਕਰਨ ਤੋਂ ਪਹਿਲਾਂ 1552 ਵਿਚ ਗੁਰਗੱਦੀ 'ਤੇ ਬਿਰਾਜਮਾਨ ਗੁਰੂ ਅਮਰਦਾਸ ਜੀ ਨੂੰ ਮਿਲ ਕੇ ਗਿਆ ਸੀ। ਹਮਾਯੂੰ ਤੋਂ ਬਾਅਦ ਉਸ ਦੇ ਉੱਤਰਾਧਿਕਾਰੀ ਅਕਬਰ ਨੇ ਲਗਭਗ ਅੱਧੀ ਸਦੀ 1605 ਤੱਕ ਰਾਜ ਕੀਤਾ। 1504 ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਕਰਤਾਰਪੁਰ ਸਾਹਿਬ ਦੀ ਸਥਾਪਨਾ ਤੋਂ ਲੈ ਕੇ 1605 ਵਿਚ ਅਕਬਰ ਦੇ ਦਿਹਾਂਤ ਤੱਕ ਦਾ ਸਮਾਂ ਪਹਿਲੇ 5 ਸਿੱਖ ਗੁਰੂਆਂ ਦੀ ਗੁਰਗੱਦੀ ਨਾਲ ਮੇਲ ਖਾਂਦਾ ਹੈ। 16ਵੀਂ ਸਦੀ ਦੇ ਪਹਿਲੇ ਅੱਧ ਤੱਕ ਦਿੱਲੀ ਦੇ ਸ਼ਾਸਕ ਆਪਣੇ ਤਖਤਾਂ ਦੀ ਰੱਖਿਆ ਕਰਨ ਵਿਚ ਰੁੱਝੇ ਰਹੇ, ਜਿਸ ਦੌਰਾਨ ਸਿੱਖ ਧਰਮ 'ਚ ਕਾਫ਼ੀ ਵਾਧਾ ਹੋਇਆ। ਅਕਬਰ ਦੇ ਸਮੇਂ ਤੀਜੇ ਤੋਂ ਪੰਜਵੇਂ ਗੁਰੂਆਂ ਤੱਕ ਧਾਰਮਿਕ ਸਹਿਣਸ਼ੀਲਤਾ ਤੇ ਅੰਤਰ-ਧਰਮ ਸਦਭਾਵਨਾ ਦਾ ਵਾਤਾਵਰਨ ਬਣਿਆ ਰਿਹਾ। ਬਾਦਸ਼ਾਹ ਅਕਬਰ 1569 ਵਿਚ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਨੂੰ ਮਿਲਣ ਗਿਆ ਤੇ ਉਸ ਨੇ ਲੰਗਰ ਵੀ ਛਕਿਆ। ਅਕਬਰ ਦੇ 1582 ਵਿਚ (ਦੀਨ ਏ-ਇਲਾਹੀ ਜਾਂ ਦੈਵੀ ਵਿਸ਼ਵਾਸ) ਵੱਲ ਵਧਣ ਨਾਲ ਧਾਰਮਿਕ ਸਹਿਣਸ਼ੀਲਤਾ ਅਤੇ ਸਾਰੇ ਧਰਮਾਂ ਵਿਚ ਅਧਿਆਤਮਿਕ ਸਮਾਨਤਾ ਦੀ ਖੋਜ ਦੀ ਸ਼ੁਰੂਆਤ ਹੋਈ, ਭਾਵੇਂ ਉਹ ਅਬਰਾਹਾਮਿਕ ਹੋਣ ਜਾਂ ਦੱਖਣੀ ਏਸ਼ੀਆ ਦੇ ਆਦਿਵਾਸੀ ਸਨ। ਇਸ ਮੇਲਜੋਲ ਵਾਲੀ ਪਹੁੰਚ ਨੇ ਸਿੱਖ ਧਰਮ ਨੂੰ ਇਕ ਖ਼ਤਰੇ ਵਜੋਂ ਨਹੀਂ, ਸਗੋਂ ਇਕ ਪਰਮਾਤਮਾ ਦੀ ਪੂਜਾ ਕਰਨ ਦੇ ਲਈ ਇਕ ਵਿਹਾਰਕ ਨਵੇਂ ਨਜ਼ਰੀਏ ਵਜੋਂ ਦੇਖਿਆ।



*ਗੁਰੂ ਤੇਗ਼ ਬਹਾਦਰ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਦੀ ਸਭ ਤੋਂ ਵਧੀਆ ਸ਼ਰਧਾਂਜ਼ਲੀ ਉਨ੍ਹਾਂ ਸਿਧਾਂਤਾਂ ਪ੍ਰਤੀ ਵਚਨਬੱਧਤਾ ਹੋਵੇਗੀ, ਜਿਨ੍ਹਾਂ ਲਈ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕੀਤੀ ਹੈ। ਗੁਰੂ ਸਾਹਿਬ ਨੇ ਸਲੋਕ ਮਹਲਾ 9 ਦੇ ਸ਼ਬਦ 25 ਵਿਚ ਦੱਸਿਆ ਹੈ ਕਿ 'ਜਲ 'ਤੇ ਬੁਦਬਦਾ' ਭਾਵ ਪਾਣੀ ਵਿਚ ਬੁਲਬੁਲੇ ਦਿਖਾਈ ਦਿੰਦੇ ਹਨ ਤੇ ਅਲੋਪ ਹੋ ਜਾਂਦੇ ਹਨ, ਭਾਵ ਆਉਂਦੇ ਜਾਂਦੇ ਰਹਿੰਦੇ।*

ਜਿਉਂ ਹੀ ਮੁਗਲ ਬਾਦਸ਼ਾਹਾਂ ਨੇ ਅਕਬਰ ਦੇ ਦ੍ਰਿਸ਼ਟੀਕੋਣ ਨੂੰ ਤਿਆਗ ਦਿੱਤਾ ਤਾਂ ਸਿੱਖ ਗੁਰੂਆਂ ਨਾਲ ਟਕਰਾਅ ਵਧਿਆ ਤੇ ਆਪਸੀ ਅੰਤਰ-ਧਰਮ ਸਦਭਾਵਨਾ ਦੀ ਥਾਂ ਕੱਟੜਤਾ ਵਧਣ ਲੱਗੀ। ਗੁਰੂ ਅਰਜਨ ਦੇਵ ਜੀ ਤੋਂ ਜਹਾਂਗੀਰ ਇਸ ਲਈ ਨਾਰਾਜ਼ ਹੋ ਗਿਆ, ਕਿਉਂਕਿ ਉਸ ਦਾ ਪੁੱਤਰ ਰਾਜਕੁਮਾਰ ਖੁਸਰੋ ਮਿਰਜ਼ਾ ਗੁਰੂ ਜੀ ਦੀ ਸ਼ਰਨ 'ਚ ਆਇਆ ਸੀ, ਜਿਸ ਨੂੰ ਅਕਬਰ ਨੇ ਆਪਣਾ ਉੱਤਰਾਧਿਕਾਰੀ ਚੁਣਿਆ ਸੀ। ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਵਿਰੁੱਧ ਬਗ਼ਾਵਤ ਕਰ ਦਿੱਤੀ। ਗੁਰੂ ਸਾਹਿਬ ਨੇ ਉਸ ਨੂੰ ਭੋਜਨ ਅਤੇ ਰਹਿਣ ਲਈ ਜਗ ?ਹਾ ਦਿੱਤੀ ਅਤੇ ਕਿਹਾ ਜਾਂਦਾ ਹੈ ਕਿ ਸਿੱਖ ਸੰਗਤ ਵਲੋਂ ਉਸ ਨੂੰ 5000 ਰੁਪਏ ਦੀ ਮਦਦ ਦਿੱਤੀ ਗਈ। ਮੁਗਲ ਹਕੂਮਤ ਦੇ ਇਕ ਮਾਲ ਅਧਿਕਾਰੀ ਚੰਦੂ ਸ਼ਾਹ ਤੇ ਮੌਲਵੀਆਂ ਨੇ ਹਕੂਮਤ ਦੇ ਬਾਗੀ ਖੁਸਰੋ ਦੀ ਮਦਦ ਕਰਨ ਅਤੇ ਗੁਰੂ ਸਾਹਿਬ ਦੀ ਵਧਦੀ ਪ੍ਰਸਿੱਧੀ ਦਾ ਹਵਾਲਾ ਦੇ ਕੇ ਜਹਾਂਗੀਰ ਨੂੰ ਭੜਕਾਇਆ। ਇਸ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਤੇ ਲਾਹੌਰ ਵਿਚ ਸ਼ਹੀਦੀ ਕਾਰਨ ਸਿੱਖ ਧਰਮ ਦੇ ਸੰਤ-ਸਿਪਾਹੀ ਰੂਪ ਵੱਲ ਵਿਕਾਸ ਦੀ ਸ਼ੁਰੂਆਤ ਹੋਈ।

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ (ਅਧਿਆਤਮਿਕ ਤੇ ਦੁਨਿਆਵੀ) ਨੂੰ ਮਨੁੱਖੀ ਹੋਂਦ ਦੇ ਦੋਹਰੇ ਆਦਰਸ਼ਾਂ ਵਜੋਂ ਪੇਸ਼ ਕੀਤਾ। ਉਨ੍ਹਾਂ ਇਸ ਦੇ ਪ੍ਰਤੀਕ ਵਜੋਂ ਦੋ ਤਲਵਾਰਾਂ ਪਹਿਨੀਆਂ ਅਤੇ ਸਿੱਖਾਂ ਨੂੰ ਧਾਰਮਿਕ ਉਪਦੇਸ਼ਾਂ ਦੇ ਨਾਲ ਹਥਿਆਰਾਂ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਮੁਗਲਾਂ ਨਾਲ ਕਈ ਛੋਟੀਆਂ ਹਥਿਆਰਬੰਦ ਲੜਾਈਆਂ ਹੋਈਆਂ। ਬਾਦਸ਼ਾਹ ਸ਼ਾਹਜਹਾਂ ਦਾ ਵਾਰਸ ਤੇ ਸਭ ਤੋਂ ਵੱਡਾ ਪੁੱਤਰ ਦਾਰਾ ਸ਼ਿਕੋਹ ਆਪਣੇ ਪੜਦਾਦਾ ਅਕਬਰ ਵਾਂਗ ਸਹਿਣਸ਼ੀਲਤਾ ਦਾ ਹਾਮੀ ਸੀ। ਉਹ ਲਾਹੌਰ ਦੇ ਸੂਫ਼ੀ ਸੰਤ ਮੀਆਂ ਮੀਰ ਦਾ ਸ਼ਰਧਾਲੂ ਸੀ। ਗੁਰੂ ਅਰਜਨ ਦੇਵ ਜੀ ਨੇ ਇਸੇ ਮੀਆਂ ਮੀਰ ਤੋਂ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੀ ਨੀਂਹ ਰਖਵਾਈ ਸੀ। ਜਦੋਂ ਗੁਰੂ ਹਰ ਰਾਏ ਜੀ ਗੁਰਗੱਦੀ 'ਤੇ ਬਿਰਾਜਮਾਨ ਸਨ ਤਾਂ 1657 ਵਿਚ ਬਾਦਸ਼ਾਹ ਸ਼ਾਹਜਹਾਂ ਦੀ ਬਿਮਾਰੀ ਤੋਂ ਬਾਅਦ ਉੱਤਰਾਧਿਕਾਰੀ ਨੂੰ ਲੈ ਕੇ ਲੜਾਈ ਸ਼ੁਰੂ ਹੋ ਗਈ। ਗੁਰੂ ਸਾਹਿਬ ਨੇ ਦਾਰਾ ਸ਼ਿਕੋਹ

ਕੇ. ਸੀ. ਸਿੰਘ

ਦੀ ਦੁਰਲੱਭ ਆਯੁਰਵੈਦਿਕ ਦਵਾਈ ਭੇਜ ਕੇ ਜ਼ਹਿਰ ਤੋਂ ਠੀਕ ਹੋਣ ਵਿਚ ਮਦਦ ਕੀਤੀ ਸੀ। ਬਦਕਿਸਮਤੀ ਨਾਲ ਦਾਰਾ ਸ਼ਿਕੋਹ ਆਪਣੇ ਛੋਟੇ ਭਰਾ ਔਰੰਗਜ਼ੇਬ ਤੋਂ ਲੜਾਈ ਵਿਚ ਹਾਰ ਗਿਆ। ਔਰੰਗਜ਼ੇਬ ਦੇ ਬਾਦਸ਼ਾਹ ਬਣਨ ਤੋਂ ਬਾਅਦ ਉਹ ਧਾਰਮਿਕ ਸਹਿਣਸ਼ੀਲਤਾ ਖਤਮ ਹੋ ਗਈ, ਜੋ ਅਕਬਰ ਦੇ ਰਾਜ ਦੌਰਾਨ ਕਾਇਮ ਹੋਈ ਸੀ। ਔਰੰਗਜ਼ੇਬ 1658 ਵਿਚ ਆਪਣੇ ਪਿਤਾ ਸ਼ਾਹਜਹਾਂ ਨੂੰ ਹਿਰਾਸਤ ਵਿਚ ਲੈ ਕੇ ਬਾਦਸ਼ਾਹ ਬਣਿਆ ਤਾਂ ਉਸ ਨੇ ਗੁਰੂ ਹਰ ਰਾਏ ਜੀ ਨੂੰ ਦਿੱਲੀ ਬੁਲਾਇਆ। ਪਰ ਗੁਰੂ ਸਾਹਿਬ ਨੇ ਖੁਦ ਜਾਣ ਦੀ ਬਜਾਏ ਆਪਣੇ ਪੁੱਤਰ ਰਾਮ ਰਾਏ ਨੂੰ ਭੇਜਿਆ, ਜਿਸ ਨੂੰ ਬੰਧਕ ਬਣਾ ਲਿਆ ਗਿਆ। ਜਦੋਂ ਬਾਦਸ਼ਾਹ ਨੇ ਉਸ ਤੋਂ ਗੁਰੂ ਅਰਜਨ ਦੇਵ ਜੀ ਦੁਆਰਾ ਸੰਕਲਿਤ 'ਆਦਿ ਗ੍ਰੰਥ' 'ਚ ਕੁਝ ਕਥਿਤ ਇਸਲਾਮ ਵਿਰੋਧੀ ਪੰਕਤੀਆਂ ਦੇ ਅਰਥਾਂ ਬਾਰੇ ਪੁੱਛਿਆ ਤਾਂ ਰਾਮ ਰਾਏ ਨੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਉਨ੍ਹਾਂ ਵਿਚ ਸੋਧ ਕਰ ਦਿੱਤੀ। ਇਸ ਬਾਰੇ ਪਤਾ ਲੱਗਣ 'ਤੇ ਗੁਰੂ ਸਾਹਿਬ ਨੇ ਰਾਮ ਰਾਏ ਨੂੰ ਛੇਕ ਦਿੱਤਾ ਤੇ ਆਪਣੇ ਛੋਟੇ ਪੁੱਤਰ ਹਰਕ੍ਰਿਸ਼ਨ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ।

ਗੁਰੂ ਹਰਕ੍ਰਿਸ਼ਨ ਜੀ 1661 ਵਿਚ ਗੁਰਗੱਦੀ 'ਤੇ ਬੈਠੇ ਤਾਂ ਔਰੰਗਜ਼ੇਬ ਨੇ ਉਨ੍ਹਾਂ ਨੂੰ ਦਿੱਲੀ ਬੁਲਾਇਆ। ਇਤਿਹਾਸਕਾਰਾਂ ਅਨੁਸਾਰ ਔਰੰਗਜ਼ੇਬ ਚਾਹੁੰਦਾ ਸੀ ਕਿ ਸਿੱਖਾਂ ਦੀ ਅਗਵਾਈ ਬਾਬਾ ਰਾਮ ਰਾਏ ਕਰੇ, ਪਰ ਚੇਚਕ ਨਾਲ ਬੁਰੀ ਤਰ੍ਹਾਂ ਬਿਮਾਰ ਹੋ ਗਏ ਬਾਲ-ਗੁਰੂ ਹਰਕ੍ਰਿਸ਼ਨ ਜੀ ਨੇ ਆਪਣੇ ਛੇਕੇ ਹੋਏ ਭਰਾ ਦੀ ਬਜਾਏ ਬਕਾਲਾ ਵਿਖੇ ਤਪ ਕਰ ਰਹੇ ਬਾਬਾ (ਤੇਗ਼ ਬਹਾਦਰ) ਨੂੰ ਅਗਲਾ ਗੁਰੂ ਐਲਾਨ ਦਿੱਤਾ। ਇਸ ਤਰ੍ਹਾਂ ਉਨ੍ਹਾਂ ਦੇ ਪੜਦਾਦਾ ਜੀ ਦਾ ਸਭ ਤੋਂ ਛੋਟੇ ਪੁੱਤਰ ਤੇਗ਼ ਬਹਾਦਰ ਜੀ ਉਨ੍ਹਾਂ ਦੇ ਉਤਰਾਧਿਕਾਰੀ ਬਣੇ। ਗੁਰੂ ਤੇਗ਼ ਬਹਾਦਰ ਜੀ 1664 ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਣ ਦੇ 11 ਸਾਲ ਬਾਅਦ ਲਾਸਾਨੀ ਸ਼ਹਾਦਤ ਦੇ ਗਏ। ਗੁਰੂ ਤੇਗ਼ ਬਹਾਦਰ ਜੀ ਨੇ ਗੁਰੂ ਨਾਨਕ ਦੇਵ ਜੀ ਵਾਂਗ ਭਾਰਤ ਦੇ ਪੂਰਬੀ ਇਲਾਕਿਆਂ ਆਸਾਮ ਤੇ ਢਾਕੇ ਤੱਕ ਯਾਤਰਾਵਾਂ ਕੀਤੀਆਂ ਅਤੇ ਲੋਕਾਂ ਨੂੰ ਸਚਾਈ ਤੇ ਮਾਨਵਤਾ ਨਾਲ ਜੋੜਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਕ ਪਹਾੜੀ ਸ਼ਾਸਕ ਪਰਿਵਾਰ ਤੋਂ ਜ਼ਮੀਨ ਖਰੀਦ ਕੇ ਅਨੰਦਪੁਰ ਸਾਹਿਬ ਵਸਾਇਆ ਸੀ। ਗੁਰੂ ਜੀ ਨੇ ਪੂਰਬ ਤੋਂ ਵਾਪਸ ਆਉਣ ਬਾਅਦ ਪੰਜਾਬ ਦੇ ਮਾਲਵਾ ਖੇਤਰ ਵਿਚ ਧਰਮ ਪ੍ਰਚਾਰ ਕੀਤਾ। ਉਹ ਪਟਨਾ ਵਿਚ ਪੈਦਾ ਹੋਏ ਆਪਣੇ ਪੁੱਤਰ ਗੋਬਿੰਦ ਰਾਏ ਨੂੰ ਪਹਿਲੀ ਵਾਰ ਅਨੰਦਪੁਰ ਸਾਹਿਬ ਵਿਖੇ ਮਿਲੇ ਸਨ। ਜਦੋਂ ਔਰੰਗਜ਼ੇਬ ਨੇ ਹਿੰਦੂਆਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਉਣਾ ਸ਼ੁਰੂ ਕੀਤਾ ਤਾਂ ਕਸ਼ਮੀਰੀ ਪੰਡਿਤਾਂ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ। ਜਦੋਂ ਪੰਡਤਾਂ ਨੇ ਆਪਣੀ ਵਿੱਥਿਆ ਗੁਰੂ ਜੀ ਨੂੰ ਦੱਸੀ ਤਾਂ ਗੁਰੂ ਜੀ ਨੇ ਉਨ੍ਹਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਕਿ ਉਹ ਜ਼ੁਲਮ ਕਰਨ ਵਾਲਿਆਂ ਨੂੰ ਦੱਸਣ ਕਿ ਜੇਕਰ ਉਹ ਗੁਰੂ ਸਾਹਿਬ ਤੋਂ ਇਸਲਾਮ ਕਬੂਲ ਕਰਵਾ ਲੈਂਦੇ ਹਨ ਤਾਂ ਉਹ ਵੀ ਅਜਿਹਾ ਕਰ ਲੈਣਗੇ।

ਗੁਰੂ ਜੀ ਮੁਗਲ ਅਧਿਕਾਰੀਆਂ ਦੁਆਰਾ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਉਡੀਕ ਕਰਨ ਦੀ ਬਜਾਏ ਸਵੈ-ਇੱਛਾ ਨਾਲ ਦਿੱਲੀ ਵੱਲ ਚੱਲ ਪਏ। ਜਦੋਂ ਗੁਰੂ ਜੀ ਮੁਗਲ ਅਧਿਕਾਰੀਆਂ ਦੇ ਸਾਹਮਣੇ ਪੇਸ਼ ਹੋਏ ਤਾਂ ਉਨ੍ਹਾਂ ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਜਾਂ ਕੋਈ ਚਮਤਕਾਰ ਕਰਕੇ ਆਪਣੀ ਬ੍ਰਹਮ ਸ਼ਕਤੀ ਦਾ ਪ੍ਰਦਰਸ਼ਨ ਕਰਨ ਲਈ ਕਿਹਾ ਪਰ ਗੁਰੂ ਜੀ ਨੇ ਇਸ ਤੋਂ ਇਨਕਾਰ ਕਰਦਿਆਂ ਆਪਣੇ ਸਿਦਕਵਾਨ ਸਾਥੀਆਂ ਸਮੇਤ ਤਸੀਹੇ ਝਲਦਿਆਂ ਸ਼ਹਾਦਤ ਦਾ ਰਾਹ ਚੁਣਿਆ। ਜਦੋਂ 24 ਨਵੰਬਰ ਨੂੰ ਉਨ੍ਹਾਂ ਦਾ ਸੀਸ ਕਲਮ ਕਰ ਦਿੱਤਾ ਗਿਆ ਤਾਂ ਭਾਈ ਜੈਤਾ ਜੀ ਗੁਰੂ ਸਾਹਿਬ ਜੀ ਦਾ ਸੀਸ ਉਠਾ ਕੇ ਅਨੰਦਪੁਰ ਸਾਹਿਬ ਲਿਆਉਣ ਵਿਚ ਕਾਮਯਾਬ ਹੋ ਗਏ। ਇਸ ਦੌਰਾਨ ਇਕ ਘਟਨਾ ਸੋਨੀਪਤ ਦੇ ਨੇੜੇ ਗੜ੍ਹੀ ਪਿੰਡ ਦੇ ਇਕ ਜਾਟ ਕੁਸ਼ਲ ਸਿੰਘ ਦਹਾਈ ਦੀ ਭੂਮਿਕਾ ਨਾਲ ਸੰਬੰਧਿਤ ਹੈ। ਜਦੋਂ ਮੁਗਲ ਫ਼ੌਜ ਭਾਈ ਜੈਤਾ ਜੀ ਦਾ ਪਿੱਛਾ ਕਰ ਰਹੀ ਸੀ ਤਾਂ ਕੁਸ਼ਲ ਸਿੰਘ ਨੇ ਫ਼ੌਜ ਨੂੰ ਰੋਕ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦਿਆਂ ਆਪਣੀ ਕੁਰਬਾਨੀ ਦੇ ਦਿੱਤੀ ਸੀ। ਭਾਜਪਾ ਦੀ ਹਰਿਆਣਾ ਸਰਕਾਰ ਇਸ ਘਟਨਾ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਤਾਂ ਜੋ ਜਾਟ ਭਾਈਚਾਰੇ ਤੱਕ ਆਪਣੀ ਪਹੁੰਚ ਨੂੰ ਵਧਾਇਆ ਜਾ ਸਕੇ।

ਹਾਲਾਂਕਿ ਗੁਰੂ ਸਾਹਿਬ ਦੀ ਸ਼ਹਾਦਤ ਸਿਰਫ਼ ਜਨਤਕ ਸਮਾਗਮਾਂ ਤੇ ਭਾਸ਼ਣਾਂ ਦਾ ਮੌਕਾ ਨਹੀਂ ਹੈ। ਇਸ ਲਈ ਭਾਰਤ ਜਾਂ ਵਿਦੇਸ਼ਾਂ ਵਿਚ ਰਾਜਸੀ ਸੱਤਾ ਵਾਲਿਆਂ ਨੂੰ ਆਪਣੇ ਆਚਰਨ ਦਾ ਮੁੜ ਮੁਲਾਂਕਣ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਵਿਸ਼ਵਾਸ ਤੇ ਜ਼ਮੀਰ ਦੀ ਆਜ਼ਾਦੀ ਲਈ ਮੁੜ ਤੋਂ ਵਚਨਬੱਧ ਹੋਣਾ ਹੋਵੇਗਾ, ਜੋ ਕਿ ਬੁਨਿਆਦੀ ਮਨੁੱਖੀ ਅਧਿਕਾਰਾਂ 'ਚੋਂ ਇਕ ਹੈ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੁਆਰਾ 1948 ਵਿਚ ਅਪਣਾਏ ਗਏ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਦੀ ਧਾਰਾ 18 ਵਿਚਾਰਾਂ, ਜ਼ਮੀਰ ਤੇ ਧਰਮ ਦੀ ਆਜ਼ਾਦੀ ਦੀ ਗਾਰੰਟੀ ਦਿੰਦੀ ਹੈ। ਭਾਰਤੀ ਸੰਵਿਧਾਨ ਵੀ ਇਸ ਨੂੰ ਦੁਹਰਾਉਂਦਾ ਹੈ। ਇਸ ਮੁੱਦੇ ਦੀ ਅੱਜ ਦੇ ਸਮੇਂ ਵਿਚ ਹੋਰ ਵੀ ਜ਼ਿਆਦਾ ਅਹਿਮੀਅਤ ਹੈ। ਜਿਵੇਂ-ਜਿਵੇਂ ਪੱਛਮੀ ਸੱਜੇ-ਪੱਖੀ ਪਾਰਟੀਆਂ ਜਾਂ ਸਮੂਹ ਸੱਤਾ 'ਤੇ ਕਾਬਜ਼ ਹੋ ਰਹੇ ਹਨ ਤਿਉਂ ਤਿਉਂ ਗੋਰੀ ਇਸਾਈਅਤ ਸਰਬੋਤਮਤਾ ਧਾਰਮਿਕ ਆਜ਼ਾਦੀਆਂ ਨੂੰ ਸੀਮਤ ਕਰਦੀ ਦਿਖਾਈ ਦਿੰਦੀ ਹੈ। ਭਾਰਤ ਵਿਚ ਵੀ ਭਾਜਪਾ ਅਤੇ ਆਰ.ਐੱਸ.ਐੱਸ ਨੂੰ ਉਨ੍ਹਾਂ ਅਧਿਕਾਰਾਂ ਦੀ ਗਾਰੰਟੀ ਦੇਣ ਵਾਲੇ ਸੰਵਿਧਾਨਕ ਪ੍ਰਬੰਧਾਂ ਨੂੰ ਗੰਭੀਰਤਾ ਨਾਲ ਲੈਣ ਦੀ ਜ਼ਰੂਰਤ ਹੈ, ਜਿਨ੍ਹਾਂ ਨੂੰ 'ਹਿੰਦੂ ਰਾਸ਼ਟਰ' ਦੇ ਖੁੱਲ੍ਹੇਆਮ ਨਾਅਰਿਆਂ ਲਈ ਕੋਈ ਸਜ਼ਾ ਨਹੀਂ ਮਿਲਦੀ, ਉਹ ਇਨ੍ਹਾਂ ਸਿਧਾਂਤਾਂ ਨੂੰ ਕਮਜ਼ੋਰ ਕਰ ਰਹੇ ਹਨ। ਅਮਰੀਕਾ ਦੇ ਘਰੇਲੂ ਯੁੱਧ (1861-65) ਤੋਂ ਬਾਅਦ ਉਦਾਰ ਲੋਕਤੰਤਰ ਦਾ ਜੋ ਵਿਸ਼ਵਵਿਆਪੀ ਮਾਡਲ ਬਣਿਆ ਸੀ, ਉਹ ਵੀ ਤਿੜਕਣ ਲੱਗਾ ਹੈ। ਹਾਲ ਹੀ 'ਚ ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਨੇ ਜਨਤਕ ਤੌਰ 'ਤੇ ਆਪਣੀ ਹਿੰਦੂ ਪਤਨੀ ਨੂੰ ਈਸਾਈ ਧਰਮ ਅਪਣਾਉਣ ਦੀ ਅਪੀਲ ਕੀਤੀ ਹੈ।

ਗੁਰੂ ਤੇਗ਼ ਬਹਾਦਰ ਜੀ ਦੀ 350ਵੀਂ ਸ਼ਹੀਦੀ ਵਰ੍ਹੇਗੰਢ ਦੀ ਸਭ ਤੋਂ ਵਧੀਆ ਸ਼ਰਧਾਂਜ਼ਲੀ ਉਨ੍ਹਾਂ ਸਿਧਾਂਤਾਂ ਪ੍ਰਤੀ ਵਚਨਬੱਧਤਾ ਹੋਵੇਗੀ, ਜਿਨ੍ਹਾਂ ਲਈ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕੀਤੀ ਹੈ। ਗੁਰੂ ਸਾਹਿਬ ਨੇ ਸਲੋਕ ਮਹਲਾ 9 ਦੇ ਸ਼ਬਦ 25 ਵਿਚ ਦੱਸਿਆ ਹੈ ਕਿ 'ਜਲ 'ਤੇ ਬੁਦਬਦਾ' ਭਾਵ ਪਾਣੀ ਵਿਚ ਬੁਲਬੁਲੇ ਦਿਖਾਈ ਦਿੰਦੇ ਹਨ ਤੇ ਅਲੋਪ ਹੋ ਜਾਂਦੇ ਹਨ, ਭਾਵ ਆਉਂਦੇ ਜਾਂਦੇ ਰਹਿੰਦੇ। ਪਰ ਪਰਮਾਤਮਾ ਸਦੀਵੀ ਹੈ ਅਤੇ ਉਸ ਤੱਕ ਪਹੁੰਚਣ ਦਾ ਰਸਤਾ ਧਰਮੀ ਜੀਵਨ ਹੈ, ਜੋ ਭੌਤਿਕ ਸੁੱਖਾਂ ਤੋਂ ਦੂਰ ਰਹਿ ਕੇ ਜੀਵਿਆ ਜਾਂਦਾ ਹੈ। ਕੱਟੜਤਾ ਇਸ ਤਰ੍ਹਾਂ ਦੀ ਜੀਵਨ ਯਾਤਰਾ ਨੂੰ ਰੋਕਦੀ ਹੈ।

-(ਲੇਖਕ ਈਰਾਨ ਅਤੇ ਸੰਯੁਕਤ ਅਰਬ ਐਮੀਰਾਤ ਵਿਚ ਭਾਰਤੀ ਰਾਜਦੂਤ ਰਹਿ ਚੁੱਕੇ ਹਨ।)


ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ ॥
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥
ਧਰਮ ਦੇ ਰਾਖੇ ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿ ਕੋਟਿ ਪ੍ਰਣਾਮ
ਸ. ਜਸਵਿੰਦਰ ਸਿੰਘ ਜੰਡੀ
ਪ੍ਰਧਾਨ ਗੁਰਦੁਆਰਾ ਸਾਹਿਬ ਫਰੀਮਾਂਟ






# ਬੋਪਾਰਾਏ ਬ੍ਰਦਰਜ਼

## ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ

## ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

**1033. W Charter Way Stockton CA 95206 (1-5 Hwy4)**




ਧਰਮ ਦੇ ਰਾਖੇ ਹਿੰਦ ਦੀ ਚਾਦਰ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ

ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ

ਦੇ 350ਵੇਂ ਸਹੀਦੀ ਦਿਹਾੜੇ ਨੂੰ

# ਕੋਟਿ ਕੋਟਿ ਪ੍ਰਣਾਮ



ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

## ਸ:ਹਰਮਿੰਦਰ ਸਿੰਘ ਸਮਾਣਾ

(209) 481-7750

# ਗੁਰੂ ਜੀ ਦਾ ਸੰਦੇਸ਼

ਇਨ੍ਹਾਂ ਦਿਨਾਂ ਵਿਚ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਵਰ੍ਹਾ ਬੜੇ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਗੁਰੂ ਜੀ ਦੇ ਮਹਾਨ ਅਨੁਯਾਈਆਂ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀਆਂ ਸ਼ਹਾਦਤਾਂ ਲਈ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ। ਪੰਜਾਬ, ਹਰਿਆਣਾ, ਦਿੱਲੀ ਅਤੇ ਦੇਸ਼-ਵਿਦੇਸ਼ ਵਿਚ ਇਨ੍ਹਾਂ ਮਹਾਨ ਕੁਰਬਾਨੀਆਂ ਨੂੰ ਨਮਨ ਕੀਤਾ ਜਾ ਰਿਹਾ ਹੈ। ਕਿਸੇ ਵੀ ਮੁਲਕ ਦੇ ਇਤਿਹਾਸ ਵਿਚ ਕਈ ਵਾਰ ਕੁਝ ਅਜਿਹਾ ਵਾਪਰਦਾ ਹੈ, ਜਿਸ ਦੀ ਸਦੀਵੀ ਯਾਦ ਮਨਾਂ ਵਿਚ ਉਕਰ ਜਾਂਦੀ ਹੈ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਦਾ ਵਰਣਨ ਵੀ ਭਾਰਤੀ ਇਤਿਹਾਸ ਵਿਚ ਅਜਿਹੇ ਅੱਖਰਾਂ ਵਿਚ ਲਿਖਿਆ ਗਿਆ ਹੈ ਜੋ ਹਮੇਸ਼ਾ ਲਈ ਮਨਾਂ ਵਿਚ ਉਕਰੇ ਗਏ ਹਨ ਅਤੇ ਸਦੀਵੀ



ਬਣ ਚੁੱਕੇ ਹਨ। ਗੁਰੂ ਜੀ ਦਾ ਜਨਮ ਸੰਨ 1621 ਈ. ਵਿਚ ਹੋਇਆ ਸੀ ਅਤੇ ਉਨ੍ਹਾਂ ਨੂੰ ਔਰੰਗਜ਼ੇਬ ਦੇ ਹੁਕਮਾਂ ਨਾਲ ਸਾਲ 1675 ਵਿਚ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਉਹ ਮਨੁੱਖੀ ਜਾਮੇ ਵਿਚ 54 ਸਾਲ ਹੀ ਰਹੇ ਪਰ ਆਪਣੀ ਹਯਾਤੀ ਵਿਚ ਜਿਸ ਤਰ੍ਹਾਂ ਉਨ੍ਹਾਂ ਨੇ ਸਮਾਂ ਗੁਜ਼ਾਰਿਆ। ਉਹ ਬੇਹੱਦ ਉਤਸ਼ਾਹ ਦੇਣ ਵਾਲਾ ਅਤੇ ਮਾਰਗਦਰਸ਼ਨ ਕਰਨ ਵਾਲਾ ਸੀ।

ਉਹ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਮੁਢਲਾ ਸਮਾਂ ਉਨ੍ਹਾਂ ਕੀਰਤਪੁਰ ਸਾਹਿਬ ਵਿਚ ਆਪਣੇ ਪਿਤਾ ਜੀ ਨਾਲ ਬਤੀਤ ਕੀਤਾ। ਬਾਅਦ ਵਿਚ ਉਹ ਬਾਬਾ ਬਕਾਲਾ ਆ ਗਏ ਅਤੇ ਗੁਰੂ ਦੀ ਪਦਵੀ ਪ੍ਰਾਪਤ ਕਰਨ ਪਿੱਛੋਂ ਉਹ ਫੇਰ ਕੀਰਤਪੁਰ ਸਾਹਿਬ ਅਤੇ ਆਪਣੇ ਵਸਾਏ ਨਗਰ (ਹੁਣ ਅਨੰਦਪੁਰ ਸਾਹਿਬ) ਵਿਚ ਆ ਗਏ, ਜਿੱਥੋਂ ਚਲ ਕੇ ਉਨ੍ਹਾਂ ਨੇ ਸਮੇਂ ਦੀ ਤੁਅੱਸਬੀ ਹਕੂਮਤ ਨੂੰ ਵੰਗਾਰਿਆ ਅਤੇ ਮਨੁੱਖੀ ਹੱਕਾਂ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਦੀ ਬਾਣੀ ਆਦਿ ਗ੍ਰੰਥ ਵਿਚ ਸ਼ਾਮਿਲ ਕੀਤੀ। ਇਸ ਅਲਾਹੀ ਬਾਣੀ ਦੇ 59 ਸ਼ਬਦ ਅਤੇ 57 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜੋ ਅੱਜ ਤੱਕ ਸ਼ਰਧਾਲੂਆਂ ਦੇ ਮਨਾਂ ਨੂੰ ਸਮਰਪਣ ਅਤੇ ਉਤਸ਼ਾਹ ਦੀਆਂ ਭਾਵਨਾਵਾਂ ਨਾਲ ਸਰੋਬਾਰ ਕਰ ਰਹੇ ਹਨ। ਗੁਰੂ ਜੀ ਨੂੰ ਅਨੇਕਾਂ ਪ੍ਰਵਚਨਾਂ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੂੰ -ਹਿੰਦ ਦੀ ਚਾਦਰ' ਵੀ ਕਿਹਾ ਜਾਂਦਾ ਹੈ ਅਤੇ 'ਸ਼ਹੀਦਾਂ ਦੇ ਸਰਤਾਜ' ਵੀ ਅਤੇ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**

ਅਤੇ

**ਸੀਸੁ ਦੀਆ ਪਰ ਸਿਰਰੁ ਨ ਦੀਆ**

ਦੀਆਂ ਉੱਤਮ ਭਾਵਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਬਿਨਾਂ ਸ਼ੱਕ ਉਨ੍ਹਾਂ ਦੇ ਜੀਵਨ 'ਤੇ ਝਾਤੀ ਮਾਰਿਆਂ ਅਤੇ ਬਾਣੀ ਪੜ੍ਹਦਿਆਂ ਉਸ 'ਚੋਂ ਤਿਆਗ, ਪਰਉਪਕਾਰ, ਸਾਧਨਾ, ਦਇਯਾ ਅਤੇ ਵੈਰਾਗ ਦੇ ਭਾਵ ਮਨਾਂ ਵਿਚ ਉਤਰ ਜਾਂਦੇ ਹਨ। ਉਨ੍ਹਾਂ ਨੇ ਦੇਸ਼ ਵਿਚ ਲਗਭਗ 19 ਸਾਲ ਯਾਤਰਾਵਾਂ ਕੀਤੀਆਂ ਅਤੇ ਹੰਕਾਰ, ਲਾਲਸਾ ਦੇ ਸ਼ਬਦਾਂ ਦੀਆਂ ਭਾਵਨਾਵਾਂ ਤਿਆਗ ਕੇ ਸਬਰ, ਸੰਤੋਖ ਅਤੇ ਨਿਰਲੇਪਤਾ ਦੀਆਂ ਭਾਵਨਾਵਾਂ ਨੂੰ ਮਨਾਂ ਵਿਚ ਵਸਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਿੱਖ ਸਿਧਾਂਤਾਂ ਅਨੁਸਾਰ ਅਮਲੀ ਰੂਪ ਵਿਚ ਸੰਗਤ ਅਤੇ ਪੰਗਤ ਦੀ ਪ੍ਰਥਾ ਨੂੰ ਲਗਾਤਾਰ ਕਾਇਮ ਰੱਖਿਆ। ਆਪਣੇ ਜੀਵਨ ਕਾਲ ਵਿਚ ਉਨ੍ਹਾਂ ਨੇ ਆਪਣੀ ਸੋਚ ਅਤੇ ਭਾਵਨਾਵਾਂ ਨੂੰ ਹੋਰ ਵੀ ਨਿਖਾਰ ਦੇਣ ਲਈ ਉਦਾਸੀਆਂ, ਬ੍ਰਾਹਮਣਾਂ, ਬੋਧੀਆਂ, ਜੋਗੀਆਂ ਅਤੇ ਸੂਫ਼ੀਆਂ ਨਾਲ ਲਗਾਤਾਰ ਗੋਸ਼ਟਾਂ ਜਾਰੀ ਰੱਖੀਆਂ। 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦੇ ਸਿਧਾਂਤਾਂ ਨੂੰ ਉਨ੍ਹਾਂ ਨੇ ਦੇਸ਼ ਭਰ ਵਿਚ ਪ੍ਰਚਾਰਿਆ, ਜੋ ਅੱਜ ਵੀ ਸ਼ਰਧਾਲੂਆਂ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਸ਼ਰਧਾ ਤੇ ਵੈਰਾਗ ਦੀ ਭਾਵਨਾ ਪੈਦਾ ਕਰਦੇ ਹਨ।

ਸਦੀਆਂ ਪਹਿਲਾਂ ਇਕ ਅਜਿਹੀ ਅਜ਼ੀਮ ਸ਼ਖ਼ਸੀਅਤ ਦਾ ਧਰਤੀ 'ਤੇ ਆਉਣਾ ਇਕ ਅਜਿਹਾ ਮੁਆਜਜ਼ਾ ਸੀ, ਜੋ ਅੱਜ ਤੱਕ ਵੀ ਮਨਾਂ ਨੂੰ ਰੌਸ਼ਨ ਕਰ ਰਿਹਾ ਹੈ। ਅਸੀਂ ਗੁਰੂ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਆਪਣੀ ਅਕੀਦਤ ਦੇ ਫੁੱਲ ਭੇਟ ਕਰਦੇ ਹਾਂ ਜਿਨ੍ਹਾਂ ਨੇ ਭਾਰਤੀ ਇਤਿਹਾਸ ਨੂੰ ਚੇਤਨਾ ਅਤੇ ਅਮਲਾਂ ਦੇ ਤੌਰ 'ਤੇ ਇਕ ਨਵੇਂ ਮੋੜ 'ਤੇ ਲਿਆ ਖੜ੍ਹਾ ਕੀਤਾ ਸੀ।

# ਮਨੁੱਖੀ ਅਧਿਕਾਰਾਂ ਦੇ ਰੱਖਿਅਕ-ਗੁਰੂ ਤੇ.ਗ ਬਹਾਦਰ ਸਾਹਿਬ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਫ਼ਰਮਾਨ ਹੈ-'ਸੀਸ ਦੀਆ ਪਰ ਸਿਰਰੁ ਨ ਦੀਆ'। ਗੁਰੂ ਜੀ ਨੇ ਸੀਸ ਦੇ ਦਿੱਤਾ, ਸਿਰਰ ਨਹੀਂ ਦਿੱਤਾ। ਪਰ ਸੁਆਲ ਹੈ ਕਿ ਇਹ ਸਿਰਰ ਕੀ ਸੀ? ਸਿਰਰ ਸੀ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ। ਮਨੁੱਖ ਨੂੰ ਅਧਿਕਾਰ ਹੈ ਕਿ ਉਹ ਆਜ਼ਾਦੀ ਨਾਲ ਆਪਣੀ ਮਨਮਰਜ਼ੀ ਦੇ ਵਿਸ਼ਵਾਸ ਤੇ ਅਕੀਦੇ ਦਾ ਪਾਲਣ ਕਰੇ। ਇਸੇ ਸੁਨਹਿਰੀ ਸਿਧਾਂਤ ਦੀ ਰਾਖੀ ਲਈ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣਾ ਸੀਸ ਬਲੀਦਾਨ ਕੀਤਾ ਸੀ ਅਤੇ ਇਹੋ ਸਿਰਰ ਸੀ, ਗੁਰੂ ਜੀ ਦਾ। ਸ੍ਰੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਕ ਹੋਰ ਬਚਨ ਕੀਤਾ ਸੀ-'ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ'। ਗੁਰੂ ਸਾਹਿਬ ਨੇ ਉਹ ਕਾਰਨਾਮਾ ਕੀਤਾ ਜੋ ਹੋਰ ਕੋਈ ਨਹੀਂ ਕਰ ਸਕਿਆ। ਇਤਿਹਾਸ ਸਾਖ਼ੀ ਹੈ ਕਿ ਗੁਰੂ ਸਾਹਿਬਾਨ, ਤਿਲਕ ਤੇ ਜਨੇਊ ਦੇ ਧਾਰਨੀ ਨਹੀਂ ਸਨ। ਕਰਮ-ਕਾਂਡ, ਭੇਖਾਂ ਤੇ ਵਿਖਾਵੇ ਦੀਆਂ ਰਸਮਾਂ ਦਾ ਉਹ ਖੰਡਨ ਕਰਦੇ ਆ ਰਹੇ ਸਨ। ਪਰ ਜਦੋਂ ਹਿੰਦੂ ਧਰਮ ਦੇ ਇਨ੍ਹਾਂ ਅਸਤਿੱਤਵ-ਚਿਨ੍ਹਾਂ ਨੂੰ ਤਲਵਾਰ ਦੀ ਨੋਕ ਨਾਲ ਉਤਾਰਨ ਦਾ ਯਤਨ ਕੀਤਾ ਗਿਆ ਤਾਂ ਨੌਵੇਂ ਨਾਨਕ, ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣਾ ਸੀਸ ਸਾਹਮਣੇ ਕਰ ਦਿੱਤਾ। ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਰੇਆਮ ਸਿਰ ਦੀ ਆਹੂਤੀ ਦੇ ਕੇ ਉਨ੍ਹਾਂ ਪਛਾਣ-ਚਿਨ੍ਹਾਂ ਨੂੰ ਬਚਾ ਲਿਆ। ਇਹੋ ਜਿਹਾ ਕਾਰਨਾਮਾ ਇਤਿਹਾਸ ਵਿਚ ਹੋਰ ਕਿਸੇ ਨੇ ਨਹੀਂ ਸੀ ਕੀਤਾ। ਇਹੋ ਜਿਹੀ ਸ਼ਹਾਦਤ ਕਿਸੇ ਹੋਰ ਨੇ ਨਹੀਂ ਸੀ ਸਹੇੜੀ।

ਹਕੀਕਤਨ ਮਨੁੱਖੀ ਅਧਿਕਾਰਾਂ ਦੀ ਲੋਕਤੰਤਰੀ ਬਣਤਰ ਦਾ ਕੇਂਦਰੀ ਧੁਰਾ ਇਹੋ ਹੈ ਕਿ ਜਿਸ ਵਿਚਾਰ ਨਾਲ ਅਸਹਿਮਤੀ ਹੋਵੇ, ਉਸ ਨੂੰ ਵੀ ਕਾਇਮ ਰਹਿਣ ਦਿੱਤਾ ਜਾਵੇ। ਪਰ ਇਹ ਤਾਂ ਹੋਰ ਅਗਾਂਹ ਦੀ ਗੱਲ ਹੋ ਗਈ, ਲਾਮਿਸਾਲ ਕਾਰਨਾਮਾ ਹੋ ਗਿਆ ਕਿ ਗੁਰੂ ਨੇ ਉਨ੍ਹਾਂ ਧਾਰਮਿਕ ਵਿਚਾਰਾਂ ਦੀ ਰਾਖੀ ਲਈ ਆਪਣਾ ਸਰੀਰ ਲਾ ਦਿੱਤਾ, ਜਿਨ੍ਹਾਂ ਦਾ ਉਹ ਆਪ ਅਤੇ ਉਨ੍ਹਾਂ ਤੋਂ ਪਹਿਲਾਂ ਦੀ ਗੁਰੂ-ਪਰੰਪਰਾ ਵਿਰੋਧ ਕਰਦੀ ਆਈ ਸੀ। ਸੱਚਮੁੱਚ ਇਹ ਅਦੁੱਤੀ ਕਿਰਿਆ ਸੀ, ਜਿਹੜੀ ਕਿਸੇ ਹੋਰ ਨੇ ਨਹੀਂ ਸੀ ਕੀਤੀ।

ਗੁਰ ਬਿਲਾਸ ਪਾਤਿਸ਼ਾਹੀ ਛੇਵੀਂ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜਨਮ ਸਮੇਂ ਦੀ ਇਕ ਘਟਨਾ ਦਾ ਜ਼ਿਕਰ ਮਿਲਦਾ ਹੈ। ਪਿਤਾ ਗੁਰੂ, ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਬਾਲਕ ਤੇਗ਼ ਬਹਾਦਰ ਦੇ ਜਨਮ 'ਤੇ ਅਤਿਅੰਤ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਬਾਲਕ ਨੂੰ ਬਹੁਤ ਸਤਿਕਾਰ ਨਾਲ ਨਮਸਕਾਰ ਕੀਤੀ। ਜਦੋਂ ਬਿੱਧੀ ਚੰਦ ਨੇ ਹੈਰਾਨ ਹੋ ਕੇ ਸੁਆਲ ਕੀਤਾ ਕਿ ਗੁਰੂ ਜੀ ਤੁਸੀਂ ਇਸ ਬਾਲਕ ਨੂੰ ਨਮਸਕਾਰ ਕਿਉਂ ਕੀਤੀ ਹੈ? ਤਾਂ ਗੁਰੂ ਜੀ ਨੇ ਭਵਿੱਖਬਾਣੀ ਕੀਤੀ ਕਿ ਇਹ ਬਾਲਕ ਗੁਰੂ ਬਣ ਕੇ ਦੀਨ ਦੀ ਰੱਖਿਆ ਕਰੇਗਾ ਅਤੇ ਲੋਕਾਂ ਨੂੰ ਸੰਕਟ ਤੋਂ ਮੁਕਤੀ ਦੁਆਵੇਗਾ :

**ਚੜਿਯੋ ਦਿਵਸ ਗੁਰੂ ਜੀ ਸੁਨਯੋ ਭੇਜੇ ਬਿਧੀਏ ਸੰਗ।**<br>
**ਆਏ ਮਹਿਲੀ ਗਾਵਹੀ ਤ੍ਰਿਯਾ ਧਾਰ ਅਨੰਦ।**<br>
**ਤਬ ਗੁਰ ਸਿਸ ਕੋ ਬੰਦਨਾ ਕੀਨੀ ਅਤਿ ਹਿਤ ਲਾਇ।**<br>
**ਬਿਧੀਆ ਕਹੇ ਕਸ ਬਿਨਤਿ ਕੀ ਕਹੋ ਮੋਹਿ ਸਤ ਭਾਇ।**<br>
**ਤਬ ਗੁਰ ਕਹਿ ਇਹ ਗੁਰ ਭਵੇ ਪਾਂਚ ਸੁਤਨ ਮੋ ਜਾਨ।**<br>
**ਦੀਨ ਰਛ ਸੰਕਟ ਹਰੇ ਸਦੈ ਯਹੀ ਪਹਿਚਾਨ।**

ਇਤਿਹਾਸ ਗਵਾਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਇਹ ਭਵਿੱਖਬਾਣੀ ਇੰਨ-ਬਿੰਨ ਸੱਚ ਸਾਬਤ ਹੋਈ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਦੀਨ-ਧਰਮ ਦੀ ਰੱਖਿਆ ਲਈ, ਲੁਕਾਈ ਦੇ ਸੰਕਟ ਕੱਟਣ ਲਈ ਆਪਣੇ ਪ੍ਰਾਣ ਨਿਛਾਵਰ ਕਰ ਦਿੱਤੇ।

ਜੇ ਰਤਾ ਤਹਿ ਵਿਚ ਜਾਵਾਂਗੇ ਤਾਂ ਬੜੀ ਸਪੱਸ਼ਟਤਾ ਨਾਲ ਗੁਰੂ ਜੀ ਦੀ ਸ਼ਹਾਦਤ ਦੀ ਅਸਲੀਅਤ ਸਮਝ



ਸਕਾਂਗੇ। ਪੰਡਿਤਾਂ ਦੇ ਜਥੇ ਦਾ ਅਨੰਦਪੁਰ ਸਾਹਿਬ ਆ ਕੇ ਫ਼ਰਿਆਦ ਕਰਨਾ, ਗੁਰੂ ਸਾਹਿਬ ਦਾ ਅਨੰਦਪੁਰ ਤੋਂ ਦਿੱਲੀ ਤੁਰ ਕੇ ਜਾਣਾ ਅਤੇ ਆਪਣੇ-ਆਪ ਨੂੰ ਸ਼ਹਾਦਤ ਲਈ ਪੇਸ਼ ਕਰਨਾ ਆਦਿ ਉਸ ਮਹਾਨ ਸਾਕੇ ਦੀਆਂ ਘਟਨਾਵਾਂ ਦੀ ਤਫ਼ਸੀਲ ਹੈ। ਅਸਲ ਵਿਚ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਕਾਰਨ, ਵੇਲੇ ਦੇ ਹੁਕਮਰਾਨ ਔਰੰਗਜ਼ੇਬ ਦੀ ਤੁਅੱਸਬ ਵਾਲੀ ਨੀਤੀ ਸੀ, ਜਿਸ ਦਾ ਸ਼ਿਕਾਰ ਉਸ ਵੇਲੇ ਸਾਰਾ ਹਿੰਦੁਸਤਾਨ ਸੀ। ਇਤਿਹਾਸ ਦੱਸਦਾ ਹੈ ਕਿ ਔਰੰਗਜ਼ੇਬ ਆਪਣੇ ਪਿਤਾ ਦੀ ਛਾਤੀ 'ਤੇ ਪੈਰ ਰੱਖ ਕੇ, ਭਰਾਵਾਂ ਦਾ ਕਤਲ ਕਰ ਕੇ, ਕਾਜ਼ੀਆਂ-ਮੁੱਲਿਆਂ ਦਾ ਈਮਾਨ ਖ਼ਰੀਦ ਕੇ ਬਾਦਸ਼ਾਹਤ ਦੇ ਤਖ਼ਤ 'ਤੇ ਬੈਠਾ ਸੀ ਅਤੇ ਗੱਦੀ-ਨਸ਼ੀਨੀ ਤੋਂ ਫੌਰਨ ਬਾਅਦ ਉਸ ਨੇ ਗ਼ੈਰ-ਮੁਸਲਮਾਨਾਂ ਨੂੰ ਸ਼ਾਹੀ ਤੁਅੱਸਬ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਸ਼ਾਹੀ ਹੁਕਮਾਂ ਨਾਲ ਮੁਸਲਮਾਨ ਵਪਾਰੀਆਂ ਨੂੰ ਮਹਿਸੂਲ ਚੁੰਗੀ ਤੋਂ ਮੁਕਤ ਕਰ ਦਿੱਤਾ ਗਿਆ ਅਤੇ ਹਿੰਦੂਆਂ ਉਪਰ ਮਹਿਸੂਲ ਚੁੰਗੀ ਨੂੰ ਦੋ-ਗੁਣਾਂ ਕਰ ਦਿੱਤਾ ਗਿਆ। ਹਿੰਦੂ ਰੀਤੀ-ਰਸਮਾਂ ਉਪਰ ਪਾਬੰਦੀਆਂ ਲੱਗਣੀਆਂ ਸ਼ੁਰੂ ਹੋ ਗਈਆਂ, ਉਨ੍ਹਾਂ ਦੇ ਧਰਮ ਅਸਥਾਨਾਂ ਨੂੰ

**ਡਾ. ਜਸਪਾਲ ਸਿੰਘ**

ਢਾਉਣ ਦੇ ਆਦੇਸ਼ ਦਿੱਤੇ ਗਏ, ਰਾਗ ਤੇ ਗਾਇਨ ਨੂੰ ਇਸਲਾਮੀ ਸ਼ਰਾਅ ਦੇ ਉਲਟ ਕਰਾਰ ਦੇ ਕੇ ਪਾਬੰਦੀ ਲਾ ਦਿੱਤੀ ਗਈ, ਫਿਰ ਇਨ੍ਹਾਂ ਸਾਰੀਆਂ ਤੁਅੱਸਬੀ ਨੀਤੀਆਂ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਤਹਿਸੀਲਾਂ ਤੇ ਨਗਰਾਂ ਵਿਚ ਖ਼ਾਸ ਅਹਿਲਕਾਰ ਮੁਕੱਰਰ ਕਰ ਦਿੱਤੇ ਗਏ। ਐਸੇ ਹਾਲਾਤ ਪੈਦਾ ਕਰ ਦਿੱਤੇ ਗਏ ਕਿ ਸਾਰੇ ਗ਼ੈਰ-ਮੁਸਲਿਮ ਰੋਜ਼ੀ-ਰੋਟੀ ਅਤੇ ਜਾਨ ਬਖ਼ਸ਼ੀ ਲਈ ਆਪਣਾ ਧਰਮ ਤਿਆਗ ਕੇ ਇਸਲਾਮ ਧਾਰਨ ਕਰ ਲੈਣ। ਇਥੋਂ ਤੱਕ ਕਿ ਖੁਲ੍ਹੇ ਖ਼ਿਆਲਾਂ ਵਾਲੇ ਸਨਿਆਸੀਆਂ, ਫ਼ਕੀਰਾਂ ਤੇ ਸੂਫ਼ੀਆਂ ਨੂੰ ਵੀ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਕਈ ਥਾਵਾਂ 'ਤੇ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ।

ਐਸੀ ਗ਼ੈਰ-ਮਨੁੱਖੀ ਸਥਿਤੀ ਵਿਚ ਹੀ ਸਮੁੱਚੇ ਦੇਸ਼ ਵਾਸੀਆਂ ਦੀ ਪੁਕਾਰ ਲੈ ਕੇ ਪੰਡਿਤ ਕ੍ਰਿਪਾ ਰਾਮ ਆਪਣੇ ਸੈਂਕੜੇ ਸਾਥੀਆਂ ਨਾਲ ਅਨੰਦਪੁਰ ਪਹੁੰਚੇ ਸਨ ਅਤੇ ਆਪਣੀ ਦੁੱਖ ਭਰੀ ਵਿੱਥਿਆ ਗੁਰੂ ਪਾਤਸ਼ਾਹ ਨੂੰ ਸੁਣਾਈ ਸੀ। ਨੌਂ ਸਾਲ ਦੇ ਬਾਲਕ ਗੋਬਿੰਦ ਰਾਇ ਨੇ ਉਨ੍ਹਾਂ ਬ੍ਰਾਹਮਣਾਂ ਦੀਆਂ ਭਿੱਜੀਆਂ ਅੱਖਾਂ ਦੇਖ ਕੇ ਹੀ ਇਹ ਕਿਹਾ ਸੀ ਕਿ ਜੇ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਨਾਲ ਇਹ ਤੁਅੱਸਬ ਖ਼ਤਮ ਹੋਣਾ ਹੈ ਤਾਂ ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਇਸ ਯੁੱਗ ਵਿਚ ਹੋਰ ਕੌਣ ਹੈ। ਦੁਖੀ ਮਨਾਂ ਦੀ ਫ਼ਰਿਆਦ ਨੇ ਹੀ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਸਰਬ-ਉੱਚ ਕੁਰਬਾਨੀ ਲਈ ਤਿਆਰ ਕੀਤਾ ਸੀ ਅਤੇ ਫਿਰ ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਰਾਹੀਂ ਇਹ ਸੁਨੇਹਾ ਹੁਕਮਰਾਨਾਂ ਅਤੇ ਸਮੁੱਚੇ ਦੇਸ਼ ਵਾਸੀਆਂ ਨੂੰ ਦਿੱਤਾ ਸੀ ਕਿ ਉਹ ਆਪਣੇ ਖ਼ੂਨ ਨਾਲ ਜ਼ੁਲਮ ਦੀ ਪਿਆਸ ਬੁਝਾਉਣਗੇ ਅਤੇ ਤੁਅੱਸਬ ਦੀ ਸ਼ਿਕਾਰ ਮਜ਼ਲੂਮ ਜਨਤਾ ਵਿਚ ਨਵੀਂ ਰੂਹ ਫੂਕਣਗੇ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਤੁਅੱਸਬ ਦੀਆਂ ਜੜ੍ਹਾਂ ਉੱਖੜ ਜਾਣਗੀਆਂ, ਲੋਕਾਂ ਵਿਚ ਨਵੀਂ ਚੇਤਨਾ ਪੈਦਾ ਹੋਵੇਗੀ। ਮਨੁੱਖੀ ਅਧਿਕਾਰਾਂ ਦਾ ਹਨਨ ਹੋਣ 'ਤੇ ਆਪਣੇ ਹੱਕਾਂ, ਅਧਿਕਾਰਾਂ ਤੇ ਵਿਚਾਰਾਂ ਦੀ ਰਾਖੀ ਕਰਨ ਲਈ ਮਰ-ਮਿਟਣ ਵਾਲੀ ਨਵੀਂ ਜਥੇਬੰਦਕ ਸ਼ਕਤੀ ਪੈਦਾ ਹੋਵੇਗੀ।

ਕੋਈ ਸ਼ੱਕ ਨਹੀਂ। ਇਹੋ ਕੁਝ ਹੋਇਆ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਮਹਾਨ ਸ਼ਹਾਦਤ ਤੋਂ ਬਾਅਦ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਖੰਡੇ-ਬਾਟੇ ਦਾ ਅੰਮ੍ਰਿਤ ਦੇ ਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ ਖ਼ਾਲਸਾ ਪੰਥ ਦੀ ਮੁੱਖ ਜ਼ਿੰਮੇਵਾਰੀ ਇਹ ਲਾਈ ਕਿ ਉਹ ਅਕਾਲ ਪੁਰਖ ਦੀ ਫੌਜ ਬਣ ਕੇ ਮਨੁੱਖੀ ਭਾਈਚਾਰੇ ਦੀ, ਇਕ ਪਿਤਾ ਦੀ ਇਕਸਾਰ ਸੰਤਾਨ ਦੇ ਰੂਪ ਵਿਚ, ਸੇਵਾ ਕਰੇ। ਕਿਤੇ ਵਿਤਕਰਾ ਹੋਵੇ, ਮਨੁੱਖ-ਮਨੁੱਖ ਵਿਚਕਾਰ ਭੇਦ ਕਰਕੇ ਤੁਅੱਸਬ ਹੋ ਰਿਹਾ ਹੋਵੇ, ਮਨੁੱਖ ਦੀ ਬੁਨਿਆਦੀ ਆਜ਼ਾਦੀ ਦਾ ਗਲਾ ਘੁਟਿਆ ਜਾ ਰਿਹਾ ਹੋਵੇ ਤਾਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਉਸ ਮਹਾਨ ਉਪਦੇਸ਼ -'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' ਦੀ ਰੌਸ਼ਨੀ ਵਿਚ ਉਹ ਮਨੁੱਖੀ ਅਣਖ ਤੇ ਆਬਰੂ ਦੀ ਬਹਾਲੀ ਲਈ ਆਪਣੇ ਪ੍ਰਾਣਾਂ ਦੀ ਬਾਜ਼ੀ ਲਾ ਦੇਵੇ। ਇਕ ਜਮਾਤ ਤਿਆਰ ਹੋ ਗਈ ਆਪਣੇ ਹੱਕਾਂ-ਅਧਿਕਾਰਾਂ ਪ੍ਰਤੀ ਚੇਤੰਨ ਅਤੇ ਦੂਜਿਆਂ ਨੂੰ ਜਾਗਰੂਕ ਕਰਨ ਵਾਲੀ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਹੱਕ ਤੇ ਸੱਚ 'ਤੇ ਪਹਿਰਾ ਦੇਣਾ ਸਿੱਖੀ ਦਾ ਬੁਨਿਆਦੀ ਸਿਧਾਂਤ ਹੈ। ਆਪਣੇ ਵਿਹਾਰ ਨਾਲ, ਆਪਣਾ ਆਪਾ ਵਾਰ ਕੇ ਹੱਕ ਤੇ ਸੱਚ ਦੀ ਪੈਰਵੀ ਕਰਨਾ ਸਿੱਖੀ ਦੀ ਮਰਿਆਦਾ ਹੈ। ਗੁਰੂ ਨਾਨਕ ਪਾਤਿਸ਼ਾਹ ਨੇ ਇਸ ਮਰਿਆਦਾ ਦਾ ਮੁੱਢ ਬੰਨ੍ਹ ?ਆ ਅਤੇ ਬਾਬਰ ਦੀ ਜੇਲ੍ਹ ਵਿਚ ਕੈਦੀ ਬਣ ਕੇ ਇਸ ਪਵਿੱਤਰ ਸਿਧਾਂਤ ਦੀ ਗਵਾਹੀ ਭਰੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚ-ਹੱਕ ਦੀ ਆਵਾਜ਼ ਬੁਲੰਦ ਰੱਖਣ ਲਈ ਜਥੇਬੰਦਕ ਢਾਂਚੇ ਦੀਆਂ ਜ਼ਰੂਰੀ ਸੰਸਥਾਵਾਂ ਮੁਹੱਈਆ ਕਰਾਉਣ ਦਾ ਮਹਾਨ ਕਾਰਜ ਕੀਤਾ ਸੀ ਅਤੇ ਕੀਮਤ ਵਜੋਂ ਉਨ੍ਹਾਂ ਨੂੰ ਤੱਤੀ ਤਵੀ 'ਤੇ ਬੈਠ ਕੇ ਆਪਣੇ ਸਰੀਰ ਦੀ ਆਹੂਤੀ ਦੇਣੀ ਪਈ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਹੱਕ ਤੇ ਇਨਸਾ.ਫ ਦੀ ਨਿਰਣਾਇਕ ਜੰਗ ਲੜੀ ਅਤੇ ਆਪਣਾ ਸੀਸ ਲਾ ਕੇ ਸੱਚ ਦੀ ਸ਼ਹਾਦਤ ਭਰੀ ਸੀ। ਸੱਚ ਕੁਰਬਾਨੀ ਮੰਗਦਾ ਹੈ, ਕੀਮਤ ਮੰਗਦਾ ਹੈ, ਸੱਚ ਦੇ ਮੁਦੱਈ ਉਪਰ ਮੁਸੀਬਤਾਂ ਆਉਂਦੀਆਂ ਹਨ, ਇਹ ਇਤਿਹਾਸ ਦਾ ਘੋਖਿਆ ਪਰਖਿਆ ਸੱਚ ਹੈ। ਇਤਿਹਾਸ ਦੇ ਪੰਨਿਆਂ 'ਤੇ ਉਨ੍ਹਾਂ ਧਰਮੀ ਪੁਰਸ਼ਾਂ ਦੇ ਨਾਂਅ ਦਰਜ ਹਨ, ਜਿਨ੍ਹਾਂ ਨੇ ਆਪਾ ਵਾਰਿਆ ਹੈ। ਪਰ ਨਿਰਸੰਦੇਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸੱਚ, ਹੱਕ, ਇਨਸਾ.ਫ ਤੇ ਮਨੁੱਖੀ ਅਧਿਕਾਰਾਂ ਦੇ ਸਿਧਾਂਤ 'ਤੇ ਅਡਿੱਗ ਪਹਿਰਾ ਦਿੰਦਿਆਂ ਸ਼ਹਾਦਤ ਦੇਣ ਦੀ ਵਿੱਥਿਆ ਅਦੁੱਤੀ ਹੈ। ਮਨੁੱਖਤਾ ਉਪਰ ਗੁਰੂ ਜੀ ਦੇ ਉਪਕਾਰ ਨੂੰ ਪੂਰੀ ਤਰ੍ਹਾਂ ਕਲਮਬੰਦ ਨਹੀਂ ਕੀਤਾ ਜਾ ਸਕਦਾ, ਪਰ ਕਵੀ ਸੈਨਾਪਤੀ ਦੀਆਂ ਇਹ ਸਤਰਾਂ ਕਾਫ਼ੀ ਢੁਕਵੀਆਂ ਜਾਪਦੀਆਂ ਹਨ :

**ਪ੍ਰਗਟ ਭਏ ਗੁਰ ਤੇਗ ਬਹਾਦਰ।**<br>
**ਸਗਲ ਸ੍ਰਿਸਟਿ ਪੈ ਢਾਪੀ ਚਾਦਰ।**<br>
**ਕਰਮ ਧਰਮ ਕੀ ਜਿਨਿ ਪਤਿ ਰਾਖੀ।**<br>
**ਅਟਲ ਕਰੀ ਕਲਜੁਗ ਮੇ ਸਾਖੀ।**

SADE LOK

**ਸਤਨਾਮ ਸਿੰਘ ਖਾਲਸਾ**

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਗੁਰੂ ਤੇਗ਼ ਬਹਾਦਰ ਜੀ ਦੇ ਨੀਸਾਣ ਤੇ ਹੁਕਮਨਾਮੇ

ਹਰਵਿੰਦਰ ਸਿੰਘ ਖ਼ਾਲਸਾ



ਗੁਰੂ ਸਾਹਿਬ ਗੁਰਦੁਆਰਾ ਬੜੀ ਸੰਗਤ ਬਨਾਰਸ ਵਿਖੇ ਸੰਗਤ ਨਾਲ



ਗੁਰਦੁਆਰਾ ਮੈਣੀ ਸੰਗਤਿ ਪਟਨਾ ਦੀ ਸੰਮਤ 1714 ਈ. ਬਿ. ਦੀ ਬੀੜ ਵਿਚੋਂ



ਭਾਈ ਰਾਮਦਾਸ, ਉਗਰ ਸੈਨ, ਲਾਲ ਚੰਦ ਆਦਿ ਸੰਗਤਿ ਦੇ ਨਾਂਅ

ਸਿੱਖ ਇਤਿਹਾਸ ਵਿਚ ਹੁਕਮਨਾਮਿਆਂ ਅਤੇ ਗੁਰੂ ਸਾਹਿਬਾਨ ਦੇ ਨੀਸਾਣਾਂ ਦੀ ਬਹੁਤ ਮਹੱਤਤਾ ਹੈ। ਗੁਰੂ ਅਰਜਨ ਦੇਵ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਜੀ ਤੋਂ ਆਦਿ ਬੀੜ ਲਿਖਵਾ ਕੇ, ਉਸ ਉੱਪਰ ਆਪਣੇ ਹੱਥੀਂ ਮੂਲ ਮੰਤਰ ਲਿਖ ਕੇ ਨੀਸਾਣ ਲਗਾ ਦਿੱਤਾ। ਗੁਰੂ ਨਾਨਕ ਪਾਤਿਸ਼ਾਹ ਜੀ ਨੇ ਸਦੀਵੀ-ਸੰਗਤ ਪ੍ਰਗਟ ਕਰਕੇ ਸਦੀਵੀ ਪ੍ਰਕਾਸ਼ ਬਖ਼ਸ਼ਿਆ ਅਤੇ ਬਾਕੀ ਗੁਰੂ ਸਾਹਿਬਾਨ ਨੇ ਉਸੇ ਗੱਲ ਨੂੰ ਅੱਗੇ ਤੋਰਦਿਆਂ ਹੋਇਆਂ ਸੰਗਤਾਂ ਲਈ ਸਮੇਂ-ਸਮੇਂ 'ਤੇ ਹੁਕਮਨਾਮਿਆਂ ਦੀ ਵਰਤੋਂ ਕੀਤੀ। ਗੁਰੂ ਸਾਹਿਬਾਨ ਵਲੋਂ ਜਿਥੇ ਵੀ ਸੰਗਤਾਂ ਲਈ ਹੁਕਮਨਾਮਾ ਭੇਜਿਆ ਜਾਂਦਾ, ਉਥੋਂ ਦੀਆਂ ਸੰਗਤਾਂ ਉਸ ਹੁਕਮਨਾਮੇ ਨੂੰ ਸਿਰ ਮੱਥੇ ਪ੍ਰਵਾਨ ਕਰਦੀਆਂ ਅਤੇ ਸਤਿਕਾਰ ਨਾਲ ਸੰਭਾਲ ਕੇ ਰੱਖਦੀਆਂ। ਸੰਗਤਾਂ ਵਿਚ ਹੁਕਮਨਾਮਿਆਂ ਪ੍ਰਤੀ ਏਨਾ ਸਤਿਕਾਰ ਸੀ ਕਿ ਸੰਗਤਾਂ ਸਮਝਦੀਆਂ ਸਨ ਕਿ ਸਾਨੂੰ ਗੁਰੂ ਸਾਹਿਬਾਨ ਵਲੋਂ ਭੇਜੇ ਹੁਕਮਨਾਮਿਆਂ ਤੋਂ ਗੁਰੂ ਸਾਹਿਬਾਂ ਦੇ ਦਰਸ਼ਨ ਹੋ ਰਹੇ ਹਨ। ਸਿੱਖਾਂ ਵਿਚ ਵਿਸ਼ਵਾਸ ਹੈ ਕਿ ਗੁਰੂ ਸਾਹਿਬਾਨ ਅਤੇ ਅਕਾਲ ਪੁਰਖ ਪਰਮਾਤਮਾ ਵਿਚ ਕੋਈ ਭਿੰਨ-ਭੇਤ ਨਹੀਂ ਸੀ। ਗੁਰੂ ਸਾਹਿਬਾਨ ਵਲੋਂ ਰਚੀ ਬਾਣੀ ਧੁਰ ਕੀ ਬਾਣੀ ਹੈ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰਿਆਈ ਬਖਸ਼ਿਸ਼ ਕੀਤੀ ਹੈ। ਗੁਰੂ ਸਾਹਿਬਾਨ ਦੀ ਹਰ ਨਿਸ਼ਾਨੀ ਪ੍ਰਤੀ ਸਿੱਖਾਂ ਦੇ ਮਨਾਂ ਅੰਦਰ ਪੂਰਨ ਸਤਿਕਾਰ ਹੈ। ਗੁਰੂ ਕਲਗੀਧਰ ਪਾਤਿਸ਼ਾਹ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਸਮੇਂ ਦੀਆਂ ਹਕੂਮਤਾਂ ਨੇ ਸਿੱਖਾਂ ਵ੍ਰਿਰੱਧ ਫਰਮਾਨ ਜਾਰੀ ਕਰਕੇ ਸਿੱਖ ਕੌਮ ਨੂੰ ਖਤਮ ਕਰਨ ਦੇ ਇਰਾਦੇ ਨਾਲ ਸਿੱਖਾਂ ਉੱਪਰ ਅੰਨ੍ਹਾ ਤਸ਼ੱਦਦ ਕੀਤਾ ਅਤੇ ਇਸੇ ਤਸ਼ੱਦਦ ਦੀ ਬਦੌਲਤ ਹਜ਼ਾਰਾਂ ਸਿੰਘ, ਸਿੰਘਣੀਆਂ, ਭੁਜੰਗੀ, ਬਜ਼ੁਰਗ ਸ਼ਹੀਦੀਆਂ ਪ੍ਰਾਪਤ ਕਰ ਗਏ। ਉਹ ਇਕ ਅਜਿਹਾ ਸਮਾਂ ਸੀ ਜਦੋਂ ਸਿੰਘਾਂ ਨੂੰ ਜੰਗਲਾਂ, ਬੇਲਿਆਂ, ਮਾਰੂਥਲਾਂ ਵਿਚ ਰਹਿ ਕੇ ਜੀਵਨ ਬਸਰ ਕਰਨਾ ਪਿਆ। ਇਸ ਭਿਆਨਕ ਸਮੇਂ ਦੌਰਾਨ ਜਿਥੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਉਥੇ ਸਿੱਖ ਕੌਮ ਦੇ ਅਨਮੋਲ ਖਜ਼ਾਨੇ, ਇਤਿਹਾਸਕ ਵਿਰਸੇ ਨੂੰ ਵੀ ਨੁਕਸਾਨ ਪਹੁੰਚਿਆ। ਇਸੇ ਸਮੇਂ ਕੀਮਤੀ ਖਜ਼ਾਨੇ ਵਿਚੋਂ ਕੁਝ ਕੀਮਤੀ ਖਜ਼ਾਨਾ ਉਲਟ-ਪੁਲਟ ਹੋ ਗਿਆ ਪਰ ਗੁਰਸਿੱਖਾਂ ਦੀ ਦ੍ਰਿੜ੍ਹਤਾ ਸਦਕਾ ਕੁਝ ਨਾ ਕੁਝ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਲਿਆ ਗਿਆ। ਇਸੇ ਸਮੇਂ ਕੁਝ ਸਿੱਖੀ ਵਿਰੋਧੀ ਲੋਕਾਂ ਨੇ ਨਕਲੀ ਯਾਦਗਾਰਾਂ, ਨਿਸ਼ਾਨੀਆਂ, ਹੁਕਮਨਾਮੇ ਤਿਆਰ ਕਰਕੇ ਸ਼ਰਧਾਲੂਆਂ ਕੋਲੋਂ ਭੇਟਾ ਵਸੂਲ ਕਰਨੀ ਸ਼ੁਰੂ ਕਰ ਦਿੱਤੀ। ਸਿੰਘ ਸਭਾ ਲਹਿਰ ਨੇ ਸਿੱਖ ਕੌਮ ਵਿਚ ਜਾਗ੍ਰਿਤੀ ਲਿਆਂਦੀ ਤੇ ਗਿਆਨੀ ਹੀਰਾ ਸਿੰਘ ਦਰਦ ਤੇ ਸ. ਕਰਮ ਸਿੰਘ ਹਿਸਟੋਰੀਅਨ ਨੇ ਆਪਣੀਆਂ ਲਿਖਤਾਂ ਰਾਹੀਂ ਵਿਦਵਾਨਾਂ ਨੂੰ ਵੰਗਾਰਿਆ ਅਤੇ ਸੁਚੇਤ ਕਰਦੇ ਹੋਏ ਕਿਹਾ ਕਿ ਉਹ ਇਤਿਹਾਸ ਦੀ ਪਰਖ ਕਰਨ ਅਤੇ ਸੱਚ ਨੂੰ ਸਾਹਮਣੇ ਲਿਆਉਣ। ਇਸੇ ਸਮੇਂ ਹੁਕਮਨਾਮਿਆਂ ਦੀ ਭਾਲ ਸ਼ੁਰੂ ਹੋਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਇਕ ਸਹਾਇਤਾ ਦੇ ਨਾਲ ਭਾਈ ਰਣਧੀਰ ਸਿੰਘ ਨੇ ਪੂਰੀ ਮਿਹਨਤ ਕਰਕੇ ਕਾਫ਼ੀ ਨੀਸਾਣ ਤੇ ਹੁਕਮਨਾਮੇ ਇਕੱਠੇ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ ਸ਼ਤਾਬਦੀ ਜਨਵਰੀ 1967 ਈ. ਨੂੰ ਮਨਾਈ ਗਈ, ਉਸ ਸਮੇਂ ਕੋਈ 52 ਦੇ ਕਰੀਬ ਕਿਤਾਬਾਂ ਛਪੀਆਂ। ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਸ. ਸ਼ਮਸ਼ੇਰ ਸਿੰਘ 'ਅਸ਼ੋਕ' ਦੀ ਹਿੰਮਤ ਸਦਕਾ 'ਨੀਸਾਣ ਤੇ ਹੁਕਮਨਾਮੇ' ਕਿਤਾਬ ਛਾਪੀ ਗਈ। ਇਸੇ ਤਰ੍ਹਾਂ ਡਾ: ਗੰਡਾ ਸਿੰਘ ਵਲੋਂ ਹੁਕਮਨਾਮਿਆਂ ਅਤੇ ਨੀਸਾਣਾਂ ਤੇ ਸੰਪਾਦਿਤ ਕੀਤੀ ਕਿਤਾਬ 'ਹੁਕਮਨਾਮੇ' ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਹੋਈ। ਇਸ ਯਤਨ ਤੋਂ ਹੋਣ ਵਾਲੇ ਲਾਭ ਦਾ ਡਾਕਟਰ ਗੰਡਾ ਸਿੰਘ ਨੇ ਜ਼ਿਕਰ ਕਰਦਿਆਂ ਲਿਖਿਆ ਹੈ, 'ਬਹੁਤ ਸਾਰੇ ਵਿਦਵਾਨਾਂ ਨੂੰ ਤਾਂ ਇਨ੍ਹਾਂ (ਹੁਕਮਨਾਮਿਆਂ ਤੇ ਨੀਸਾਣਾਂ) ਦੇ ਦਰਸ਼ਨ ਪਹਿਲੀ ਵਾਰੀ ਇਸ ਸੰਚੇ ਰਾਹੀਂ ਹੋ ਰਹੇ ਹਨ। ਇਨ੍ਹਾਂ ਦਾ ਇਕ ਇਸੇ ਮਨੋਰਥ ਲਈ ਪ੍ਰਕਾਸ਼ਤ ਹੋ ਜਾਣਾ ਇਕ ਵੱਡੀ ਗੱਲ ਹੈ। ਖੋਜੀ ਵਿਦਵਾਨਾਂ ਲਈ ਇਹ ਇਕ ਕਸੌਟੀ ਦਾ ਕੰਮ ਦੇਣਗੇ, ਜਿਨ੍ਹਾਂ ਨਾਲ ਕਿ ਅੱਗੇ ਨੂੰ ਸ਼ੱਕੀ ਹੁਕਮਨਾਮੇ ਪਰਖੇ ਤੇ ਨਿਖੇੜੇ ਜਾ ਸਕਿਆ ਕਰਨਗੇ ਅਤੇ ਕੋਈ ਜਾਅਲੀ ਲਿਖਤ ਗੁਰੂ ਸਾਹਿਬਾਨ ਦੇ ਨਾਮ 'ਤੇ ਚਲਾਈ ਨਹੀਂ ਜਾ ਸਕੇਗੀ।

ਸਿੱਖ ਕੌਮ ਵਲੋਂ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਅਤੇ ਸਿੱਖ ਜਰਨੈਲਾਂ ਦੀਆਂ ਸ਼ਤਾਬਦੀਆਂ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਤੀਜੀ ਸ਼ਤਾਬਦੀ ਸਮੇਂ ਦਸੰਬਰ 1975 ਈ. ਤੱਕ ਮਨਾਈ ਗਈ। ਇਸ ਸਮੇਂ ਡਾ. ਫ਼ੌਜਾ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੇ ਨੀਸਾਣ ਤੇ ਹੁਕਮਰਨਾਮਿਆਂ ਨੂੰ ਸੰਪਾਦਿਤ ਕੀਤਾ ਅਤੇ ਇਹ ਕਿਤਾਬ 'ਹੁਕਮਨਾਮੇ' ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਛਪੀ। ਇਸ ਕਿਤਾਬ ਵਿਚ ਹੁਕਮਨਾਮੇ ਤੇ ਨਿਸਾਣ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਛਾਪੇ ਗਏ ਹਨ ਅਤੇ ਇਸ ਕਿਤਾਬ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤਾ ਗਿਆ। ਇਸ ਕਿਤਾਬ ਵਿਚ ਨੀਸਾਣ ਤੇ ਹੁਕਮਨਾਮਿਆਂ ਨੂੰ ਨਿਖੇੜ ਕੇ ਦਿੱਤਾ ਗਿਆ ਹੈ ਤਾਂ ਜੋ ਉਨ੍ਹਾਂ ਦੀ ਧਾਰਮਿਕ ਤੇ ਇਤਿਹਾਸਕ ਮਹੱਤਤਾ ਨੂੰ ਦਰਸਾਇਆ ਜਾ ਸਕੇ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਨੀਸਾਣ ਉਸ ਸਮੇਂ ਦੀਆਂ ਪ੍ਰਾਚੀਨ ਬੀੜਾਂ ਵਿਚ ਮਿਲਦੇ ਹਨ। ਸਿੱਖ ਸੰਗਤਾਂ ਇਨ੍ਹਾਂ ਨੀਸਾਣਾਂ ਦੇ ਦਰਸ਼ਨ ਕਰਨਾ ਆਪਣਾ ਸੁਭਾਗ ਸਮਝਦੀਆਂ ਹਨ।

1. ਗੁਰਦੁਆਰਾ ਮੈਣੀ ਸੰਗਤ ਪਟਨਾ ਸਾਹਿਬ-ਪੁਰਾਣੀ ਬੀੜ, 2. ਗੁਰਦੁਆਰਾ ਮੈਣੀ ਸੰਗਤ ਪਟਨਾ ਸਾਹਿਬ 1714 ਬਿ. (1657 ਈ.) ਵਾਲੀ ਬੀੜ, 3. ਗੁਰਦੁਆਰਾ ਥੰਮ ?ਹ ਸਾਹਿਬ ਪਟਨਾ ਸਾਹਿਬ 1781 ਬਿ. ਵਾਲੀ ਬੀੜ, 4. ਸ੍ਰੀ ਗੁਰੂ ਨਾਨਕ ਆਸ਼ਰਮ ਅਹਿਰੌਰਾ ਦੀ ਸੰਗਤ 1799 ਬਿ. ਵਾਲੀ ਬੀੜ, 5. ਭਾਈ ਬੰਨੋ ਵਾਲੀ ਸ੍ਰੀ ਆਦਿ ਗ੍ਰੰਥ ਦੀ ਇਕ ਪੁਰਾਤਨ ਬੀੜ, 6. ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਪੁਰਾਤਨ ਹੱਥ ਲਿਖਤ ਪੋਥੀ ਨੰ. 1657 ਜੋ ਸੰਮਤ 1728 ਬਿਕ੍ਰਮੀ ਵਿਚ ਲਿਖੀ ਗਈ ਸੀ, 7. ਛੋਟਾ ਮਿਰਜ਼ਾਪੁਰ (ਉੱਤਰ ਪ੍ਰਦੇਸ਼) ਵਾਲੀ ਬੀੜ, ਸੰਮਤ 1739 ਬਿਕ੍ਰਮੀ।



ਗੁਰਦੁਆਰਾ ਥੰਮ੍ਹ ਸਾਹਿਬ ਪਟਨਾ ਦੀ ਸੰਮਤ 1781 ਦੀ ਬੀੜ ਵਿਚੋਂ

ਡਾ. ਗੰਡਾ ਸਿੰਘ ਹੋਰਾਂ ਦੇ ਅਨੁਸਾਰ 'ਹੁਕਮਨਾਮਿਆਂ ਦਾ ਆਮ ਉਦੇਸ਼', 'ਪ੍ਰਚਾਰ ਲਈ ਹਿਦਾਇਤਾਂ, ਗੁਰੂ ਕੇ ਲੰਗਰ ਲਈ ਕਾਰ-ਭੇਟ ਦੀ ਗੁਰੂ ਜੀ ਦੇ ਮੁੱਖ ਅਸਥਾਨ ਪਰ ਪਹੁੰਚ ਦਾ ਪ੍ਰਬੰਧ, ਸਿੱਖ ਸੰਗਤਾਂ ਪਰ ਆਪਣੀ ਖੁਸ਼ੀ ਦੇ ਪ੍ਰਗਟਾਵੇ ਰਾਹੀਂ ਗੁਰੂ ਅਤੇ ਸੰਗਤਾਂ ਦਾ ਮੇਲ ਕਾਇਮ ਰੱਖਣਾ, ਸਿੱਖਾਂ ਨੂੰ ਆਪਸ ਵਿਚ ਮੇਲ ਰੱਖਣ ਲਈ ਹੁਕਮ, ਵੇਲੇ ਕੁਵੇਲੇ ਲੋੜੀਂਦੀਆਂ ਵਸਤਾਂ ਲਈ ਫਰਮਾਇਸ਼ਾਂ, ਬਾਹਰ ਗੁਰਪੁਰਬਾਂ ਲਈ ਸੰਗਤਾਂ ਨੂੰ ਉਤਸ਼ਾਹ, ਖਾਸ-ਖਾਸ ਮੌਕਿਆਂ ਪਰ ਸੰਗਤਾਂ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਆਉਣ ਦਾ ਸੱਦਾ, ਸੰਗਤਾਂ ਨੂੰ ਖਾਲਸਾ ਕਰਨ ਦੀ ਇਤਲਾਹ...ਆਦਿ ਸੀ।'

ਗੁਰੂ ਤੇਗ਼ ਬਹਾਦਰ ਸਾਹਿਬ ਦੇ ਲਗਭਗ ਇਹ ਸਾਰੇ ਦੇ ਸਾਰੇ ਹੁਕਮਨਾਮੇ ੧ੴ ਗੁਰੂ ਸਤਿ ਜਾਂ ਨਿਰੇ ਗੁਰੂ ਸਤਿ ਦੇ ਸ਼ਬਦਾਂ ਨਾਲ ਆਰੰਭ ਹੁੰਦੇ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਹੁਕਮਨਾਮਿਆਂ ਵਿਚੋਂ ਬਹੁਤੇ ਸਮੁੱਚੇ ਤੌਰ 'ਤੇ ਗੁਰੂ ਜੀ ਦੀ ਆਪਣੀ ਹੱਥ-ਲਿਖਤ ਵਿਚ ਹਨ। ਕੁਝ ਹੁਕਮਨਾਮੇ ਅਜਿਹੇ ਹਨ, ਜਿਨ੍ਹਾਂ ਵਿਚ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਸਿਰਫ਼ ਚਿੱਠੀ ਦਾ ਆਰੰਭ ਹੀ ਕੀਤਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਜਿਥੇ ਹੁਕਮਨਾਮਾ ਲਿਖਿਆ ਉਸ ਥਾਂ ਦਾ ਜ਼ਿਕਰ ਵੀ ਕੀਤਾ ਹੈ। ਪੁਰਾਤਨ ਹੁਕਮਨਾਮਿਆਂ ਅਤੇ ਨੀਸਾਣਾਂ ਨੂੰ ਲੱਭਣ ਵਿਚ ਸ. ਜੀ.ਬੀ. ਸਿੰਘ, ਭਾਈ ਰਣਧੀਰ ਸਿੰਘ ਸਕਾਲਰ, ਡਾ. ਗੰਡਾ ਸਿੰਘ, ਸ. ਸ਼ਮਸ਼ੇਰ ਸਿੰਘ ਅਸ਼ੋਕ, ਡਾ. ਫੌਜਾ ਸਿੰਘ, ਸ. ਸਾਬਿੰਦਰਜੀਤ ਸਿੰਘ ਸਾਗਰ ਆਦਿ ਵਿਦਵਾਨਾਂ ਨੇ ਬਹੁਤ ਯੋਗਦਾਨ ਪਾਇਆ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਦੇ ਹੁਕਨਾਮਿਆਂ ਵਿਚੋਂ ਸੰਗਤ ਨੂੰ ਗੁਰੂ ਘਰ ਨਾਲ ਜੋੜਨ, ਪਰਿਵਾਰ ਦੀ ਸਾਂਭ-ਸੰਭਾਲ ਕਰਨ, ਰਸਤੇ ਦੀਆਂ ਮੁਸ਼ਕਿਲਾਂ ਹੱਲ ਕਰਨ ਆਦਿ ਦੇ ਨਾਲ-ਨਾਲ ਨਾਵਾਂ ਅਤੇ ਥਾਵਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਜੀ ਦੇ ਹੁਕਮਨਾਮਿਆਂ ਵਿਚ ਜਿਹੜੇ ਮੁਖੀ ਸਿੱਖਾਂ ਦੇ ਨਾਂਅ ਆਏ ਹਨ, ਉਨ੍ਹਾਂ ਵਿਚ ਉਗਰ ਸੈਣ, ਅਨੀਰਾਇ, ਅਨੰਤ ਦਾਸ, ਅਮਾਲੀਆ, ਅਨੰਤਾ, ਸਾਧੂ, ਸ਼ੁਭਕਰਨ, ਸਦਾਨੰਦ, ਸੁਖਦੇਉ, ਸਭਾ ਚੰਦ, ਸੁਫੇਰ ਚੰਦ, ਸੁਚਾ ਰਾਮ, ਸੇਠ, ਸੰਕਰਦਾਸੁ, ਸੂਜਾਰਾਮ, ਸੋਭ ਚੰਦ, ਸਿਭੂ, ਸੰਗਤਿ ਦਾਸ, ਸਿੰਘਾ, ਹਰਕੇਸ, ਹਰਜੀਮਲੁ, ਹਰਕਿਸਨ, ਹੀਰਾ ਮੰਨ, ਹੀਰਾ ਨੰਦੁ, ਕਵਲਨੈਨ, ਕਲਆਨ ਮਲ, ਕਲਿਆਨਦਾਸ, ਕਿਰਪਾਲ, ਕਿਰਪਾਲ ਦਾਸ, ਕਲਿਆਨਮਲੁ, ਕੇਵਲਰਾਮ, ਕੋਕਾ, ਕਿਰਪਾਲਾ, ਗਜੂਆ, ਰਾਜਮਲ, ਗੁਰਦਾਸੁ, ਗੰਗਾਰਾਮ, ਗੁਜਰਮਲੁ, ਗੁਲਾਲਚੰਦ, ਘਨਿਸਿਆਮੁ, ਚਿੰਤਾ, ਚਿਮਨਾ, ਚਤਰਭੋਜ, ਚੇਤਨੁ, ਚੈਨਸੁਖ, ਛਬੀਲਦਾਸੁ, ਛਜੂਮਲੁ, ਛਬੀਲਾ, ਛੁਟਮਨ, ਛੁਟਮਲ, ਜਗਦੇਉ, ਜਟਮਲੁ, ਜਸੋਧਾ ਨੰਦਨ, ਜਵੇਹਰਿਮਲੁ, ਜੇਠਮਲੁ ਜਾਦੋ ਘਾਸੀ, ਜੈਸਿੰਘ, ਝਬਰ ਸਿੰਘ, ਡੇਡਮਲ, ਦਰੀਆ, ਦਲਪਤਿ ਦਾਸ, ਦਰਬਾਰੀ, ਦਲਪਤਿ ਰਾਇ, ਦਾਸ ਭੋਤੀ ਸੇਠ, ਦੀਨ ਦਿਆਲ, ਦੀਨਾਨਾਥੁ, ਦਿਆਲਦਾਸੁ, ਦੁਰਗ ਦਾਸ, ਨੰਦ ਕੁਮਾਰ, ਨੰਦਰੂਪ, ਨੈਨਸੁਖ, ਨੰਦ ਲਾਲ, ਪਰਸ ਰਾਮ, ਪਹਲਾਦ ਦਾਸ, ਪਰਾਨ ਨਾਥ, ਪਾਲਾ, ਪੇੜੀ ਬਾਈ, ਪਰੀਤਮ ਦਾਸ, ਫਤਹਚੰਦ, ਫਾਗੂ (ਫਗੂ) ਸਾਹ, ਫੇਰੂ, ਬਖਸ਼ੀ, ਬਨਾ, ਬਸੰਤਰਾਇ, ਬਾਘਾ, ਬਲੀਰਾਮ, ਬਾਬੂ ਰਾਇ, ਬਾਲਕਿਸ਼ਨ, ਬਾਲ ਗੋਬਿੰਦ, ਬਾਲਾ, ਬਿੰਦਰਾਬਨ, ਬਾਲੁ ਚੰਦੁ, ਬੰਸੀ, ਬੈਜਨਾਥ, ਬੰਸੀਧਰ, ਭਗਤਾ, ਭਗਵਾਨ ਦਾਸੁ, ਭਾਗੁ ਮਲ, ਭਾਰਾ ਭਿਖਾਰੀ ਦਾਸ, ਭੋਤੀ, ਭੋਜਰਾਇ, ਭੋਜਰਾਜ, ਮਹਾਰਾਜ, ਮਨਸੁਖ, ਮਹਾਂਨੰਦ, ਮਨੀ ਰਾਮ, ਮਲਾ, ਮਲੂਕ ਦਾਸੀਆ, ਮਾਛੀ, ਮਲੂਕਾ, ਮਾਨਾ, ਮਾਨ ਸਿੰਘ, ਮਾਨਜੀ, ਮਿੱਤਰ ਸੈਣ, ਮਿਹਰਚੰਦ, ਮੁਰਲੀ, ਮੋਹਨ ਦਾਸ, ਮੂਲਾ, ਮੁਰਲੀਧਰ, ਰਾਘੋਦਾਸ, ਰਾਮਚੰਦੁ, ਰਘੁਨਾਥ, ਰਾਮਦਾਸ, ਰਾਮਰਾਇ, ਰਾਮਾਨੰਦ, ਰਾਮਾ, ਰੂਪਨ, ਰੂਪ ਨਾਰਾਇਣ, ਲਾਲਮੰਨ, ਲਾਲ ਚੰਦ, ਲਛੂਆ, ਲਾਲੂ।

ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਗੁਰੂ ਤੇਗ਼ ਬਹਾਦਰ ਜੀ ਦੇ ਹੁਕਮਨਾਮਿਆਂ ਦੀ ਗਿਣਤੀ 30, ਡਾ. ਗੰਡਾ ਸਿੰਘ ਨੇ 20, ਡਾ. ਫੌਜਾ ਸਿੰਘ ਨੇ 22 ਦੱਸੀ ਹੈ। ਸ. ਸ਼ਮਸ਼ੇਰ ਸਿੰਘ ਅਸ਼ੋਕ ਨੇ ਪੁਰਾਤਨ ਬੀੜਾਂ ਵਿਚੋਂ ਗੁਰੂ ਤੇਗ਼ ਬਹਾਦਰ ਜੀ ਦੇ ਕੁਝ ਨੀਸਾਣ ਵੀ ਹੁਕਮਨਾਮਿਆਂ ਨਾਲ ਦਰਜ ਕੀਤੇ ਹਨ। ਡਾ. ਬਲਵੰਤ ਸਿੰਘ ਢਿੱਲੋਂ ਨੇ ਵੀ ਹੁਕਮਨਾਮਿਆਂ 'ਤੇ ਖੋਜ ਕੀਤੀ ਹੈ। ਹੁਕਮਨਾਮੇ ਤੇ ਨੀਸਾਣ ਸਿੱਖ ਕੌਮ ਦਾ ਸਰਮਾਇਆ ਹੈ, ਸਿੱਖ ਵਿਦਵਾਨਾਂ ਨੂੰ ਚਾਹੀਦਾ ਹੈ ਕਿ ਇਸ ਪਾਸੇ ਵਿਸ਼ੇਸ਼ ਧਿਆਨ ਦੇਣ।




CHARKHA's
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets



Www.bevstore.com 408-515-5330,
San Jose Morgan Hill Gilroy California



Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ




Best Western

Holiday Inn Express & Suites



## ਸਿਟੀ ਆਫ਼ ਗਾਲਟ ਦੇ ਮੇਅਰ ਅਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ

# ਸ. ਪਰਗਟ ਸਿੰਘ ਸੰਧੂ






ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

# ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ

ਸ੍ਰੀ ਗੁਰੂ ਰਵਿਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਕੈਲੀਫੋਰਨੀਆ


ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋਡੀਐ ॥
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋਡੀਐ ॥
ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ
350ਵੇਂ ਸ਼ਹੀਦੀ ਦਿਹਾੜੇ ਮੌਕੇ 'LTA BROS.'
ਵਲੋਂ ਕੋਟਿਨ-ਕੋਟਿ ਪ੍ਰਣਾਮ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ

# ਸ਼ਤਾਬਦੀ ਸਮਾਗਮਾਂ ਤੋਂ ਪਹਿਲਾਂ ਗੁਰੂਘਰ ਦੇ ਪੁਰਾਣੇ ਦਰਵਾਜ਼ਿਆਂ ਨੂੰ ਬਦਲ ਕੇ ਨਵੇਂ ਸੁੰਦਰ ਚਾਂਦੀ ਦੇ ਦਰਵਾਜ਼ੇ ਲਗਾਏ ਗਏ













ਅੱਜ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਬੜੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ਸ਼ਤਾਬਦੀ ਸਮਾਗਮਾਂ ਤੋਂ ਪਹਿਲਾਂ ਗੁਰੂਘਰ ਦੇ ਪੁਰਾਣੇ ਦਰਵਾਜ਼ਿਆਂ ਨੂੰ ਬਦਲ ਕੇ ਉਹਨਾਂ ਦੀ ਥਾਂ ਨਵੇਂ ਸੁੰਦਰ ਚਾਂਦੀ ਦੇ ਦਰਵਾਜ਼ੇ ਲਗਾਏ ਗਏ। ਇਹ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਸੰਤ ਬਾਬਾ ਸੁੱਚਾ ਸਿੰਘ ਜੀ ਅਤੇ ਸੰਤ ਬਾਬਾ ਸਤਨਾਮ ਸਿੰਘ ਜੀ ਦੀ ਅਗਵਾਈ ਹੇਠ ਮੁੰਬਈ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸੰਪੰਨ ਹੋਈ। ਸੱਚੇ ਪਾਤਸ਼ਾਹ ਆਪਣਾ ਮਿਹਰ ਭਰਿਆ ਹੱਥ ਇਹਨਾਂ ਤੇ ਸਦਾ ਬਣਾਏ ਰੱਖਣ ਅਤੇ ਇਹਨਾਂ ਨੂੰ ਸਦਾ ਚੜ੍ਹਦੀ ਕਲਾ ਵਿੱਚ ਰੱਖਣ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਬਾਬਾ ਨਰਿੰਦਰ ਸਿੰਘ ਜੀ ਕਾਰ ਸੇਵਾ ਹਜ਼ੂਰ ਸਾਹਿਬ ਵਾਲੇ, ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਕਿਲਾ ਅਨੰਦਗੜ੍ਹ ਵਾਲੇ, ਜਥੇਦਾਰ ਬਾਬਾ ਗੁਰਦੇਵ ਸਿੰਘ ਜੀ ਤਰਨਾ ਦਲ ਸ਼ਹੀਦੀ ਬਾਗ ਵਾਲੇ, ਬਾਬਾ ਅਵਤਾਰ ਸਿੰਘ ਜੀ ਟਿੱਬੀ ਸਾਹਿਬ ਵਾਲੇ, ਸੰਤ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਦਿੱਲੀ ਵਾਲੇ, ਦਲਜੀਤ ਸਿੰਘ ਭਿੰਡਰ, ਅਮਰਜੀਤ ਸਿੰਘ ਚਾਵਲਾ ਅਤੇ ਬਾਬਾ ਗੁਰਦੇਵ ਸਿੰਘ ਨਾਲ ਹਾਜ਼ਰ ਸਨ।

# 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਜਲੰਧਰ 'ਚ ਭਰਵਾਂ ਸਵਾਗਤ





ਜਲੰਧਰ : ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਨੂੰ ਜਲੰਧਰ ਦੇ ਗੁਰੂ ਨਾਨਕ ਮਿਸ਼ਨ ਚੌਕ ਵਿਖੇ ਪਹੁੰਚਣ 'ਤੇ ਪੰਜਾਬ ਪੁਲਿਸ ਦੀ ਟੁਕੜੀ ਵਲੋਂ 'ਗਾਰਡ ਆਫ਼ ਆਨਰ' ਦਿੱਤਾ ਗਿਆ। ਸ਼ੁੱਕਰਵਾਰ ਦੇਰ ਰਾਤ ਨੂੰ ਜ਼ਿਲੇ ?ਹ ਵਿਚ ਪ੍ਰਵੇਸ਼ ਹੋਣ ਵਾਲਾ ਇਹ ਪਵਿੱਤਰ ਨਗਰ ਕੀਰਤਨ ਸਨਿਚਰਵਾਰ ਨੂੰ ਗੁਰਦੁਆਰਾ ਡੇਰਾ ਸੰਤਗੜ੍ਹ ਸਾਹਿਬ ਤੋਂ ਆਪਣੇ ਅਗਲੇ ਪੜਾਅ ਲਈ ਮੁੜ ਆਰੰਭ ਹੋ ਕੇ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ । ਨਗਰ ਕੀਰਤਨ ਗੁਰਦੁਆਰਾ ਡੇਰਾ ਸੰਤਗੜ੍ਹ ਵਿਖੇ ਅਰਦਾਸ ਕਰਨ ਉਪਰੰਤ ਆਰੰਭ ਹੋ ਕੇ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਪਹੁੰਚਿਆ ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੰਜਾਬ ਪੁਲਿਸ ਦੀ ਇਕ ਟੁਕੜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗਾਰਡ ਆਫ਼ ਆਨਰ ਦਿੱਤਾ। ਨਗਰ ਕੀਰਤਨ 'ਚ ਵੱਖ-ਵੱਖ ਸ਼ਖ਼ਸੀਅਤਾਂ, ਜਿਨ੍ਹਾਂ 'ਚ ਸੰਤ ਬਾਬਾ ਭਗਵਾਨ ਸਿੰਘ ਹਰਖੋਵਾਲੀਆਂ ਤੋਂ ਇਲਾਵਾ ਕੈਬਨਿਟ ਮੰਤਰੀ ਮਹਿੰਦਰ ਭਗਤ, ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਮੇਅਰ ਵਨੀਤ ਧੀਰ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਅਤੇ ਪੰਜਾਬ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ, ਸੀਨੀਅਰ ਡਿਪਟੀ ਮੇਅਰ ਬਲਬੀਰ ਸਿੰਘ ਬਿੱਟੂ, ਡਿਪਟੀ ਮੇਅਰ ਮਲਕੀਤ ਸਿੰਘ ਸੁਭਾਨਾ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੁੰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ । ਇਸ ਮੌਕੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਦਗਾਰੀ ਸਮਾਗਮ ਕਰਵਾਏ ਜਾ ਰਹੇ ਹਨ । ਉਨ੍ਹਾਂ ਕਿਹਾ ਕਿ ਇਹ ਸਮਾਗਮ ਕਰਵਾਉਣ ਦਾ ਉਦੇਸ਼ ਗੁਰੂ ਸਾਹਿਬ ਜੀ ਦੇ ਸ਼ਾਂਤੀ ਅਤੇ ਵਿਸ਼ਵ ਵਿਆਪੀ ਭਾਈਚਾਰਕ ਸਾਂਝ ਦੇ ਸਦੀਵੀ ਸੰਦੇਸ਼ ਨੂੰ ਦੁਨੀਆ ਦੇ ਕੋਨੇ-ਕੋਨੇ ਤੱਕ ਫੈਲਾਉਣਾ ਹੈ।

ਵਿਰਾਸਤ-ਏ-ਖਾਲਸਾ ਯਾਦਗਾਰ ਵਿਖੇ ਗੁਰੂ ਸਾਹਿਬ ਦੇ ਜੀਵਨ ਤੇ ਫ਼ਲਸਫ਼ੇ ਨੂੰ ਦਰਸਾਉਂਦੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਜਾਵੇਗਾ। ਇਸੇ ਦਿਨ ਮੁੱਖ ਪੰਡਾਲ ਬਾਬਾ ਬੁੱਢਾ ਦਲ ਛਾਉਣੀ ਵਿਖੇ ਸੂਬਾ ਸਰਕਾਰ ਵਲੋਂ ਸਰਬ ਧਰਮ ਸੰਮੇਲਨ ਕਰਵਾਇਆ ਜਾਵੇਗਾ । ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਅਤੇ ਫ਼ਲਸਫ਼ਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪੂਰੀ ਮਰਿਆਦਾ ਨਾਲ ਨਗਰ ਕੀਰਤਨ ਵਿਚ ਸ਼ਿਰਕਤ ਕਰਨ ਲਈ ਸੰਗਤ ਦਾ ਧੰਨਵਾਦ ਕੀਤਾ। ਇਸੇ ਤਰ੍ਹਾਂ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵਲੋਂ ਮਕਸੂਦਾਂ ਚੌਕ ਵਿਖੇ ਪਹੁੰਚਣ 'ਤੇ ਨਗਰ ਕੀਰਤਨ ਵਿਚ ਸ਼ਿਰਕਤ ਕੀਤੀ ਗਈ ਉਪਰੰਤ ਨਗਰ ਕੀਰਤਨ ਰਾਤ ਦੇ ਠਹਿਰਾਓ ਲਈ ਵਰਕਸ਼ਾਪ ਚੌਕ ਤੋਂ ਕਪੂਰਥਲਾ ਚੌਕ ਤੋਂ ਹੁੰਦਾ ਹੋਇਆ ਗੁਰਦੁਆਰਾ ਡੇਰਾ ਸੰਤਗੜ੍ਹ ਸਾਹਿਬ ਪਹੁੰਚਿਆ।

ਨਗਰ ਕੀਰਤਨ ਬੀ.ਐਮ.ਸੀ. ਚੌਕ, ਲਾਡੋਵਾਲੀ ਰੋਡ, ਬੀ.ਐੱਸ.ਐਫ ਚੌਕ, ਪੀ.ਏ.ਪੀ. ਚੌਕ ਰਾਮਾ ਮੰਡੀ ਤੋਂ ਹੁੰਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਇਆ। ਇਸ ਮੌਕੇ ਗੁਰਬਖ਼ਸ਼ ਸਿੰਘ ਜੁਨੇਜਾ, ਮਹਿੰਦਰਜੀਤ ਸਿੰਘ, ਕੰਵਲਜੀਤ ਸਿੰਘ ਟੋਨੀ, ਹਰਪ੍ਰੀਤ ਸਿੰਘ ਅੰਮਿ ?ਤ ਕੰਪਿਊਟਰ, ਹਰਪਾਲ ਸਿੰਘ ਚੱਢਾ, ਤਜਿੰਦਰ ਸਿੰਘ ਪਰਦੇਸੀ, ਹਰਪ੍ਰੀਤ ਸਿੰਘ ਨੀਟੂ, ਪਰਮਪ੍ਰੀਤ ਸਿੰਘ ਵਿੱਟੀ, ਰਣਜੀਤ ਸਿੰਘ ਗੋਲਡੀ, ਹਰਜਿੰਦਰ ਸਿੰਘ ਜਿੰਦਾ, ਬਲਦੇਵ ਸਿੰਘ, ਜਤਿੰਦਰਪਾਲ ਸਿੰਘ ਮਝੈਲ, ਜੋਗਿੰਦਰ ਸਿੰਘ ਲਾਇਲਪੁਰੀ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।



ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ ॥
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥
ਧਰਮ ਦੇ ਰਾਖੇ ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ,
ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿ ਕੋਟਿ ਪ੍ਰਣਾਮ
ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ ਸਾਬਕਾ ਜਰਨਲ ਸਕੱਤਰ
ਸ:ਸੰਤੋਖ ਸਿੰਘ ਝਿੰਗੜਾ


ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ ॥
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥
ਧਰਮ ਦੇ ਰਾਖੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿਨ ਕੋਟਿ ਪ੍ਰਣਾਮ
RANJIT SINGH
VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700,
GBSINGH84@GMAIL.COM





ਜਥੇਦਾਰ ਪਾਖਰ ਸਿੰਘ ਅਕਾਲੀ




ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ


Varinder Singh Nijjar Jagbir Singh Nijjar


ਜਥੇਦਾਰ ਸੌਦਾਗਰ ਸਿੰਘ ਅਕਾਲੀ

# ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

## ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

## ਨਿੱਝਰ ਬ੍ਰਦਰਜ਼ ਤੇ ਪਰਿਵਾਰ

**ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577**






**Jugraj Singh Sahota**
President United Sports Club USA



**Late : S. Kashmir Singh Sahota**

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



**Narinder Singh Sahota**
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ






ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ ਸਿੱਖ ਆਗੂ

## ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ

# ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸ਼ੁਰੂ ਹੋਇਆ ਨਗਰ ਕੀਰਤਨ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸੰਪੰਨ ਹੋਇਆ











ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਮਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਜੋ ਨਗਰ ਕੀਰਤਨ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸ਼ੁਰੂ ਹੋਇਆ ਸੀ, ਉਹ ਅੱਜ ਗੁਰਦੁਆਰਾ ਅੰਬ ਸਾਹਿਬ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਤੋਂ ਆਰੰਭ ਹੋਇਆ ਹੈ ਜੋ ਕਿ ਮੁਹਾਲੀ ਦੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਰਾਤ ਨੂੰ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸੰਪੰਨ ਹੋਵੇਗਾ। ਸੱਚੇ ਪਾਤਸ਼ਾਹ ਦੀ ਕਿਰਪਾ ਸਦਕਾ ਇਸ ਨਗਰ ਕੀਰਤਨ ਦੇ ਵਿੱਚ ਪੈਦਲ ਹਾਜ਼ਰੀ ਭਰੀ ਤੇ ਗੁਰਦੁਆਰਾ ਅੰਬ ਸਾਹਿਬ ਤੋਂ ਪੂਰੇ ਸ਼ਹਿਰ ਵਿੱਚੋਂ ਹੁੰਦੇ ਹੋਏ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਸਾਹਿਬ ਤੱਕ ਪਹੁੰਚੇ। ਇਸ ਨਗਰ ਕੀਰਤਨ ਵਿੱਚ ਇਲਾਕੇ ਅਤੇ ਦੂਰ ਨੇੜੇ ਦੀ ਸੰਗਤ ਨੇ ਵੱਡੀ ਗਿਣਤੀ ਵਿੱਚ ਬੜੇ ਹੀ ਸ਼ਰਧਾ ਭਾਵਨਾ ਨਾਲ ਹਿੱਸਾ ਲਿਆ। ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਕਰਦਾ ਹੋਇਆ ਕਈ ਸੂਬਿਆਂ ਵਿੱਚੋਂ ਲੰਘਦਾ ਹੋਇਆ ਇਹ ਨਗਰ ਕੀਰਤਨ ਪੰਥ ਦੀ ਇੱਕਜੁੱਟਤਾ ਦੀ ਮਿਸਾਲ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਹਾਜ਼ਰ ਸੰਗਤ ਨੇ ਦੱਸਿਆ ਵੀ ਗੁਰੂ ਦੀ ਸੰਗਤ ਹਮੇਸ਼ਾ ਪੰਥ ਅਤੇ ਗੁਰੂ ਗ੍ਰੰਥ ਨੂੰ ਨਤਮਸਤਕ ਹੈ ਤੇ ਹਮੇਸ਼ਾ ਰਹੇਗੀ।

# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਐਸ ਜੀ ਐਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ







ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਮਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਐਸ ਜੀ ਐਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ। ਸੱਚੇ ਪਾਤਸ਼ਾਹ ਦੀ ਅਪਾਰ ਕਿਰਪਾ ਸਦਕਾ ਇਸ ਸਮਾਗਮ ਵਿੱਚ ਹਾਜ਼ਰੀ ਭਰੀ। ਇਲਾਕੇ ਦੀ ਸੰਗਤ ਨੇ ਖ਼ਾਸਕਰ ਸਕੂਲੀ ਬੱਚਿਆਂ ਨੇ ਬੜੇ ਹੀ ਸ਼ਰਧਾ ਭਾਵ ਨਾਲ ਹਿੱਸਾ ਲਿਆ। ਇਸ ਮੌਕੇ ਸਕੂਲੀ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਗੁਰੂ ਸਾਹਿਬ ਦੇ ਜੀਵਨ ਅਤੇ ਉਨਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਲਈ ਕਿਹਾ। ਬੱਚੇ ਕੌਮਾਂ ਦਾ ਭਵਿੱਖ ਹੁੰਦੇ ਹਨ ਅਤੇ ਆਉਣ ਵਾਲੇ ਸਮੇਂ ਦੀ ਨੀਹ ਬੱਚਿਆਂ ਤੋਂ ਹੀ ਰੱਖੀ ਜਾਂਦੀ ਹੈ ਤੇ ਮਜ਼ਬੂਤ ਹੁੰਦੀ ਹੈ। ਇਹਨਾਂ ਬੱਚਿਆਂ ਨੂੰ ਉੱਚ ਵਿੱਦਿਆ ਪ੍ਰਾਪਤ ਕਰਕੇ ਵੱਡੀਆਂ ਪ੍ਰਾਪਤੀਆਂ ਕਰਨ ਲਈ ਪ੍ਰੇਰਿਤ ਕੀਤਾ। ਸਮਾਗਮ ਉਪਰੰਤ ਪ੍ਰਬੰਧਕਾਂ ਵੱਲੋਂ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

# ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਮਤੀ ਦਾਸ ਜੀ ਦੇ 350 ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕਰਵਾਇਆ











ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਮਤੀ ਦਾਸ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ 350 ਸਾਲਾ ਗੁਰਿਆਈ ਦਿਹਾੜੇ ਨੂੰ ਸਮਰਪਿਤ ਇੱਕ ਰੋਜ਼ਾ ਸੈਮੀਨਾਰ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਗਿੱਲ ਫ਼ਾਰਮ ਲੁਧਿਆਣਾ ਵਿੱਚ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਸੰਗਤਾਂ ਨੂੰ ਸਿੱਖ ਇਤਿਹਾਸ, ਗੁਰਬਾਣੀ, ਨੌਵੇਂ ਪਾਤਸ਼ਾਹ ਦੀ ਸ਼ਹਾਦਤ ਅਤੇ ਖ਼ਾਲਸਾ ਰਵਾਇਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਸਮਾਪਤੀ ਉਪਰੰਤ ਪ੍ਰਬੰਧਕਾਂ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਗੁਰਮਤਿ ਸਮਾਗਮ ਦੌਰਾਨ ਨੌਵੇਂ ਪਾਤਸ਼ਾਹ ਦੇ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਬਾਰੇ ਚਾਨਣਾ ਪਾਇਆ












ਗੁਰੂ ਤੇਗ਼ ਬਹਾਦਰ ਪਾਤਸ਼ਾਹ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੀ 350ਵੇਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹੀਨਾਵਾਰ ਗੁਰਮਤਿ ਸਮਾਗਮ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ।

ਇਸ ਮੌਕੇ ਸੱਚੇ ਪਾਤਸ਼ਾਹ ਦੀ ਕਿਰਪਾ ਸਦਕਾ ਹਾਜ਼ਰੀ ਭਰੀ ਅਤੇ ਬੜੇ ਹੀ ਸ਼ਰਧਾ ਭਾਵ ਨਾਲ ਹਾਜ਼ਰ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਗੁਰਮਤਿ ਅਤੇ ਸਿੱਖ ਇਤਿਹਾਸ ਬਾਰੇ ਵਿਚਾਰਾਂ ਕੀਤੀਆਂ। ਨੌਵੇਂ ਪਾਤਸ਼ਾਹ ਦੇ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਬਾਰੇ ਚਾਨਣਾ ਪਾਇਆ। ਅੱਜ ਲੋੜ ਹੈ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਚੱਲਣ ਦੀ। ਸੱਚੇ ਪਾਤਸ਼ਾਹ ਅੱਗੇ ਅਰਦਾਸ ਹੈ ਕਿ ਕਿਸੇ ਦੀ ਵੀ ਧਾਰਮਿਕ ਆਜ਼ਾਦੀ ਤੇ ਕੋਈ ਹਮਲਾ ਨਾ ਹੋਵੇ। ਸਮਾਗਮ ਉਪਰੰਤ ਪ੍ਰਬੰਧਕਾਂ ਵੱਲੋਂ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।




ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ ॥
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥
ਧਰਮ ਦੇ ਰਾਖੇ ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿ ਕੋਟਿ ਪ੍ਰਣਾਮ
ਸਾਬਕਾ ਪ੍ਰਧਾਨ ਸੁੱਚਾ ਸਿੰਘ
913 256 9498
ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
Gurdwara Nanak Darbar Sahib
126 S Cherry Street Olathe KS 66061


ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਏ ॥
ਬਾਂਹਿ ਜਿਨਾਂ ਦੀ ਪਕੜੀਏ ਸਿਰ ਦੀਜੈ ਬਾਂਹਿ ਨ ਛੋੜੀਏ ॥
ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ
350ਵੇਂ ਸ਼ਹੀਦੀ ਦਿਹਾੜੇ ਮੌਕੇ 'ਭੰਗੂ ਬ੍ਰਦਰਜ਼'
ਵਲੋਂ ਕੋਟਿਨ-ਕੋਟਿ ਪ੍ਰਣਾਮ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ
ਨੂੰ ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ, ਬਿਜਨਸਮੈਨ
ਸ: ਗੁਲਬੱਰਗ ਸਿੰਘ ਭੰਗੂ, ਸ: ਕੁਲਦੀਪ ਸਿੰਘ ਭੰਗੂ, ਸ: ਜੇ ਸਿੰਘ (JOE) ਭੰਗੂ
St. Louis State Missouri USA




ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)

# ਗਿੱਲ ਬ੍ਰਦਰਜ਼

## SEMINAR ON:

# "FOR A TRUE FEDERALISM"

## - In the Context of Centre-State Relations within the Ambit of the Constitution and Federal Structure

**Venue : Speaker's Hall, Constitution Club of India, Rafi Marg, New Delhi**
**Date : Sunday, 30th November 2025 Time : 4.00 PM - 7.00 pm**

### ਉਦਘਾਟਨ



ਅਲੀ ਅਨਵਰ ਅੰਸਾਰੀ
ਸਾਬਕਾ ਸੰਸਦ ਮੈਂਬਰ (ਆਰ.ਐਸ.)

### ਗੈਸਟ ਆਫ ਆਨਰ



ਗਿਆਨੀ ਹਰਪ੍ਰੀਤ ਸਿੰਘ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

### ਸਵਾਗਤੀ ਭਾਸ਼ਣ



ਕਮਲ ਕਿਸ਼ੋਰ ਕਥੇਰੀਆ
ਆਈਆਰਐਸ (ਸੇਵਾਮੁਕਤ)

### ਵਿਸ਼ੇਸ਼ ਬੁਲਾਰੇ



ਪ੍ਰੋ. ਡਾ. ਐਲ. ਜਵਾਹਰ ਨੇਸਨ
ਸਾਬਕਾ ਵਾਈਸ-ਚਾਂਸਲਰ, ਜੇਐਸਐਸ ਸਾਇੰਸ ਟੈਕਨਾਲੋਜੀ ਯੂਨੀਵਰਸਿਟੀ



ਅਰੁਣ ਮਾਜੀ
ਐਡਵੋਕੇਟ, ਸੁਪਰੀਮ ਕੋਰਟ ਭਾਰਤ



ਗੁਰਤੇਜ ਸਿੰਘ
ਆਈ.ਏ.ਐਸ (ਸੇਵਾਮੁਕਤ)
ਸਿੱਖ ਵਿਦਵਾਨ ਅਤੇ ਰਾਜਨੀਤਿਕ ਲੇਖਕ



ਸ਼ਸ਼ੀ ਸੋਨਾਵਣੇ
ਟਰੇਡ ਯੂਨੀਅਨ ਆਗੂ

### ਪ੍ਰਧਾਨਗੀ



ਸਰਦਾਰ ਜੀਵਨ ਸਿੰਘ
ਰਾਸ਼ਟਰੀ ਪ੍ਰਧਾਨ, ਬਹੁਜਨ ਦ੍ਰਾਵਿੜ ਪਾਰਟੀ

### ਧੰਨਵਾਦ



ਅਸ਼ੋਕ ਸਿੰਘ
ਐਡਵੋਕੇਟ, ਵੀਪੀ, ਬੀਡੀਪੀ, ਮੱਧ ਪ੍ਰਦੇਸ਼

**Bhaujan Dravida Parth | New Democratic Party of India**

For Information & Participation | Email : ashokkumarsaket@gmail.com | Contact : +91 97173-66805







# ਨੌਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ: ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 35 ਹਜ਼ਾਰ ਸਹਿਜ ਪਾਠ ਸਾਹਿਬ ਦੇ ਪਾਏ ਗਏ ਭੋਗ

## ਬੰਦੀ ਸਿੰਘਾਂ ਦੀ ਰਿਹਾਈ ਲਈ, ਭਾਈ ਰਾਜੋਆਣਾ ਦੀ ਫਾਂਸੀ ਤਬਦੀਲੀ ਲਈ ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਮਤਾ ਪਾਸ ਕਰੇ ਪੰਜਾਬ ਸਰਕਾਰ : ਜਥੇਦਾਰ ਗੜਗੱਜ







ਸ੍ਰੀ ਅਨੰਦਪੁਰ ਸਾਹਿਬ : ਸ੍ਰੀ ਗੁਰੂ ਤੇਗ ਬਹਾਦਰ ਜੀ, ਉਨ੍ਹਾਂ ਦੇ ਅਨਿੰਨ ਸਿੱਖਾਂ - ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਸਹਿਜ ਪਾਠ ਸਾਹਿਬ ਸੇਵਾ ਸੰਸਥਾ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ 35 ਹਜ਼ਾਰ ਸ੍ਰੀ ਸਹਿਜ ਪਾਠ ਸਾਹਿਬ ਦੇ ਸਮੂਹਕ ਰੂਪ ਵਿੱਚ ਭੋਗ ਪਾਏ ਗਏ। ਇਹ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਏ ਗਏ। ਇਸ ਸਮਾਗਮ ਦਾ ਅਲੌਕਿਕ ਪੱਖ ਇਹ ਸੀ ਕਿ ਹਾਜ਼ਰ ਸਿੱਖ ਸੰਗਤ ਨੇ ਪੂਰੇ ਖ਼ਾਲਸਈ ਜਾਹੋ ਜਲਾਲ ਵਾਲਾ ਮਾਹੌਲ ਸਿਰਜਿਆ ਹੋਇਆ ਸੀ।

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ 23 ਤੋਂ 29 ਨਵੰਬਰ ਤੱਕ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੁੰਦਿਆਂ ਆਪੋ ਆਪਣੇ ਘਰਾਂ ਦੇ ਉੱਤੇ ਖ਼ਾਲਸਈ ਨਿਸ਼ਾਨ ਸਾਹਿਬ ਝੁਲਾਏ ਜਾਣ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਸ਼ਤਾਬਦੀ ਸਮਾਗਮਾਂ ਮੌਕੇ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ।

ਜਥੇਦਾਰ ਗੜਗੱਜ ਨੇ ਸੰਗਤ ਨੂੰ ਗੁਰੂ ਸਾਹਿਬਾਨ ਦੇ ਬਖ਼ਸ਼ੇ ਫ਼ਲਸਫ਼ੇ ਉੱਤੇ ਚੱਲਣ ਦੀ ਪ੍ਰੇਰਣਾ ਦਿੱਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਬਾਣੀ ਅਤੇ ਸਿੱਖੀ ਬਾਣੇ ਨਾਲ ਜੁੜਣ ਲਈ ਆਖਿਆ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਕਰਨਾ ਹੈ ਤਾਂ ਸਰਕਾਰ ਨੂੰ ਸਿੱਖ ਸਰੋਕਾਰਾਂ ਦੀ ਤਰਜਮਾਨੀ ਕਰਦਿਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਮੂਹ ਬੰਦੀ ਸਿੰਘ ਦੀ ਰਿਹਾਈ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨ ਦੇ ਮਤੇ ਪਾਸ ਕਰਨੇ ਚਾਹੀਦੇ ਹਨ। ਉਨ੍ਹਾਂ ਸਰਕਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਗੱਲ ਵੀ ਆਖੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਸ. ਦਿਲਜੀਤ ਸਿੰਘ ਭਿੰਡਰ, ਸੰਤ ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲ੍ਹ ਅਨੰਦਗੜ੍ਹ, ਗੁਰਦੁਆਰਾ ਸ਼ਹੀਦੀ ਬਾਗ਼ ਸਾਹਿਬ ਤੇ ਦਲ ਪੰਥ ਬਾਬਾ ਬਿਧੀ ਚੰਦ ਤੋਂ ਬਾਬਾ ਨਿਹਾਲ ਸਿੰਘ, ਤਰਨਾ ਦਲ ਹਰੀਆਂ ਵੇਲਾਂ ਤੋਂ ਜਥੇਦਾਰ ਬਾਬਾ ਨਾਗਰ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ, ਭਾਈ ਰਾਜਪਾਲ ਸਿੰਘ ਸ੍ਰੀ ਸਹਿਜ ਪਾਠ ਸਾਹਿਬ ਸੇਵਾ ਸੰਸਥਾ, ਭਾਈ ਦਿਲਬਾਗ਼ ਸਿੰਘ, ਪ੍ਰਿੰਸੀਪਲ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਸ. ਜਸਬੀਰ ਸਿੰਘ, ਮੈਨੇਜਰ ਸ. ਗੁਰਦੀਪ ਸਿੰਘ ਕੰਗ, ਐਡੀਸ਼ਨਲ ਮੈਨੇਜਰ ਸ. ਹਰਦੇਵ ਸਿੰਘ, ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰਿੰਸੀਪਲ ਸ. ਚਰਨਜੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਹਾਜ਼ਰ ਸੀ। ਭਾਈ ਜਤਿੰਦਰ ਸਿੰਘ ਆਸਟ੍ਰੇਲੀਆ ਦਾ ਇਨ੍ਹਾਂ ਸਮਾਗਮਾਂ ਵਿੱਚ ਵਿਸ਼ੇਸ਼ ਯੋਗਦਾਨ ਰਿਹਾ।

# ਗੁਰਦੁਆਰਾ ਸ੍ਰੀ ਮਟਨ ਸਾਹਿਬ ਤੋਂ ਸ਼ੁਰੂ ਹੋਇਆ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ









ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਪਾਤਸ਼ਾਹ ਜੀ ਅਤੇ ਉਨ੍ਹਾਂ ਦੇ ਅਨਿੰਨ ਸਿੱਖਾਂ—ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ—ਦੀ 350ਵੇਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਸਮੁੱਚੇ ਖਾਲਸਾ ਪੰਥ ਵੱਲੋਂ ਬਹੁਤ ਹੀ ਸਤਿਕਾਰ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਪਵਿੱਤਰ ਮੌਕੇ ਗੁਰੂ ਸਾਹਿਬ ਦੇ ਸਾਜੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਤਿਹਾਸਕ ਨਗਰ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਸ੍ਰੀ ਮਟਨ ਸਾਹਿਬ ਤੋਂ ਹੋਈ, ਜਿੱਥੇ ਸੰਗਤਾਂ ਨੇ ਗੁਰੂ ਸਾਹਿਬ ਦੀ ਬਾਣੀ ਦਾ ਜਾਪ ਕਰਦੇ ਹੋਏ ਨਿਮਰਤਾ ਨਾਲ ਹਾਜ਼ਰੀ ਭਰੀ। ਇਹ ਉਹ ਧਰਤੀ ਹੈ ਜਿੱਥੋਂ ਕਸ਼ਮੀਰੀ ਪੰਡਤ ਨੌਵੇਂ ਪਾਤਸ਼ਾਹ ਕੋਲ ਫ਼ਰਿਆਦ ਲੈ ਕੇ ਪਹੁੰਚੇ ਸਨ। ਨਗਰ ਕੀਰਤਨ ਜਦੋਂ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ, ਤਾਂ ਸੰਗਤਾਂ ਵੱਲੋਂ ਇਸਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਹਰ ਥਾਂ ਗੁਰੂ ਘਰ ਦੀ ਚੜ੍ਹਦੀ ਕਲਾ, ਗੁਰਬਾਣੀ ਦੇ ਜਾਪ ਅਤੇ ਸੇਵਾ-ਭਾਵ ਦੇ ਪਵਿੱਤਰ ਦਰਸ਼ਨ ਹੋਏ। ਇਸ ਸਮਾਗਮ ਵਿੱਚ ਨੇੜੇ-ਦੂਰੋਂ ਆਈਆਂ ਖ਼ਾਸ ਕਰ ਕਸ਼ਮੀਰ ਤੋਂ ਆਈਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਅਪਾਰ ਸ਼ਰਧਾ ਨਾਲ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ। ਸਾਰੇ ਇਲਾਕੇ ਵਿੱਚ ਗੁਰਬਾਣੀ ਦੇ ਸ਼ਬਦ ਗੂੰਜਦੇ ਰਹੇ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਸੰਗਤਾਂ ਨੇ ਖ਼ਾਲਸਾਈ ਰਵਾਇਤ ਅਨੁਸਾਰ ਨਿਮਰਤਾ ਨਾਲ ਨਮਸਕਾਰ ਕੀਤੀ। ਇਸ ਤਰ੍ਹਾਂ ਇਹ ਨਗਰ ਕੀਰਤਨ ਸਿੱਖ ਕੌਮ ਦੀ ਅਟਲ ਸ਼ਰਧਾ ਅਤੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਫਿਰ ਤਾਜ਼ਾ ਕਰ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਅਮਰਜੀਤ ਸਿੰਘ ਚਾਵਲਾ ਅਤੇ ਐਡੀਸ਼ਨਲ ਮੈਨੇਜਰ ਸ. ਹਰਦੇਵ ਸਿੰਘ ਹਾਜ਼ਰ ਸਨ।




ਸ. ਸੁਖਚੈਨ ਸਿੰਘ ਬੱਚਾਜੀਵੀ ਬੇਗੋਵਾਲ, ਸ. ਕੈਮੀ ਸਿੰਘ ਬੱਚਾਜੀਵੀ ਬੇਗੋਵਾਲ
ਅਤੇ ਸਮੂਹ ਬੱਚਾਜੀਵੀ ਪਰਿਵਾਰ
St. Louis State Missouri USA

# ਗੁਰਦੁਆਰਾ ਸ੍ਰੀ ਬਿਬਾਣਗੜ੍ਹ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਵਿਖੇ ਨਵੀਂ ਤਾਮੀਰ ਕੀਤੇ ਦਰਬਾਰ ਹਾਲ ਵਿੱਚ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ ਗਏ










ਗੁਰਦੁਆਰਾ ਸ੍ਰੀ ਬਿਬਾਣ ਗੜ੍ਹ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਵਿਖੇ ਨਵੀਂ ਤਾਮੀਰ ਕੀਤੇ ਦਰਬਾਰ ਹਾਲ ਵਿੱਚ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ ਗਏ। ਇਹ ਪਵਿੱਤਰ ਸਥਾਨ ਸਿੱਖ ਇਤਿਹਾਸ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ, ਕਿਉਂਕਿ ਇੱਥੇ ਹੀ ਭਾਈ ਜੈਤਾ ਜੀ ਨੇ ਦਿੱਲੀ ਵਿੱਚੋਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਸੀਸ ਸੁਰੱਖਿਅਤ ਤੌਰ 'ਤੇ ਲਿਆ ਕੇ ਪਹੁੰਚਾਇਆ ਸੀ। ਇਸ ਮੌਕੇ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ ਕਿ ਉਹ ਖ਼ਾਲਸਾ ਪੰਥ ਉੱਤੇ ਆਪਣਾ ਮਿਹਰ ਭਰਿਆ ਹੱਥ ਸਦਾ ਬਣਾਈ ਰੱਖਣ ਅਤੇ ਚੜ੍ਹਦੀ ਕਲਾ ਬਖ਼ਸ਼ਣ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਬਾਬਾ ਨਰਿੰਦਰ ਸਿੰਘ ਜੀ ਕਾਰ ਸੇਵਾ ਹਜ਼ੂਰ ਸਾਹਿਬ ਵਾਲੇ, ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਕਿਲਾ ਅਨੰਦਗੜ੍ਹ ਵਾਲੇ, ਜਥੇਦਾਰ ਬਾਬਾ ਗੁਰਦੇਵ ਸਿੰਘ ਜੀ ਤਰਨਾ ਦਲ ਸ਼ਹੀਦੀ ਬਾਗ ਵਾਲੇ, ਬਾਬਾ ਅਵਤਾਰ ਸਿੰਘ ਜੀ ਟਿੱਬੀ ਸਾਹਿਬ ਵਾਲੇ, ਸੰਤ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਦਿੱਲੀ ਵਾਲੇ, ਦਲਜੀਤ ਸਿੰਘ ਭਿੰਡਰ, ਅਮਰਜੀਤ ਸਿੰਘ ਚਾਵਲਾ ਅਤੇ ਬਾਬਾ ਗੁਰਦੇਵ ਸਿੰਘ ਨਾਲ ਹਾਜ਼ਰ ਸਨ।

ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਏ ॥
ਬਾਂਹਿ ਜਿਨਾਂ ਦੀ ਪਕੜੀਏ ਸਿਰ ਦੀਜੈ ਬਾਂਹਿ ਨ ਛੋੜੀਏ ॥
ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ
ਦੇ 350ਵੇਂ ਸ਼ਹੀਦੀ ਦਿਹਾੜੇ ਨੂੰ
ਕੋਟਿ ਕੋਟਿ ਪ੍ਰਣਾਮ
ਸ਼੍ਰੀ ਸੰਦੀਪ ਮਲਿਕ
ਐਸਐਸਪੀ ਹੁਸ਼ਿਆਰਪੁਰ

# ਗੁਰੂ ਤੇ.ਗ ਬਹਾਦਰ ਜੀ ਦੀ ਸ਼ਹੀਦੀ ਦੇ ਕੀ-ਕੀ ਕਾਰਨ ਰਹੇ ?

- ਮਨਮੋਹਨ

ਗੁਰੂ ਤੇ.ਗ ਬਹਾਦਰ ਜੀ ਦੀ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਦਿਆਲਾ ਜੀ ਦੀਆਂ ਸ਼ਹੀਦੀਆਂ ਦੇ ਇਤਿਹਾਸਕਾਰ ਬਹੁਤ ਸਾਰੇ ਕਾਰਨ ਦੱਸਦੇ ਹਨ। ਸਭ ਤੋਂ ਵੱਡਾ ਕਾਰਨ ਹੈ ਕਿ ਸਮੇਂ ਦੀ ਮੁ.ਗਲ ਹਕੂਮਤ ਇਸਲਾਮ ਤੋਂ ਇਲਾਵਾ ਦੂਜੇ/ਹੋਰ ਧਾਰਮਿਕ ਅਕੀਦਿਆਂ, ਵਿਸ਼ਵਾਸਾਂ ਅਤੇ ਪੱਧਤੀਆਂ ਅਤੇ ਇਨ੍ਹਾਂ ਨਾਲ ਜੁੜੇ ਸੱਭਿਆਚਾਰਾਂ, ਸੰਸਕ੍ਰਿਤੀਆਂ ਅਤੇ ਜੀਵਨ ਵਿਧੀਆਂ ਦੀ ਹੋਂਦ ਮਿਟਾਅ ਕੇ ਇਨ੍ਹਾਂ ਨੂੰ ਇਸਲਾਮ ਦੀ ਸ਼ਰਨ ਵਿਚ ਲਿਆ ਕੇ ਭਾਵ ਇਨ੍ਹਾਂ ਦਾ ਇਸਲਾਮੀਕਰਨ ਕਰਕੇ ਇਸ ਖ਼ਿੱਤੇ ਨੂੰ 'ਦਾਰ-ਉਲ-ਇਸਲਾਮ' ਬਣਾਉਣਾ ਚਾਹੁੰਦੀ ਸੀ। ਧਰਮ ਦੀ ਆਜ਼ਾਦੀ ਨੂੰ ਦਰਪੇਸ਼ ਚੁਣੌਤੀਆਂ ਵੱਲ ਗੁਰੂ ਨਾਨਕ ਦੇਵ ਜੀ ਨੇ ਇਸ਼ਾਰਾ ਕੀਤਾ ਸੀ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਵੇਲੇ ਜੋ ਸਥਿਤੀ ਵੇਖੀ ਸੀ, ਉਸ ਨੂੰ ਉਨ੍ਹਾਂ ਨੇ 'ਬਾਬਰਵਾਣੀ' ਵਿਚ ਬੜੇ ਭਾਵਪੂਰਤ ਸ਼ਬਦਾਂ ਵਿਚ ਰਾਗ ਆਸਾ ਵਿਚ ਅਭਿਵਿਅਕਤ ਕੀਤਾ ਹੈ-

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ॥**
**ਆਪੈ ਦੋਸੁ ਨ ਦੇਈ ਰਕਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ' ॥**
(ਅੰਗ : 360)

ਮੁ.ਗਲ ਬਾਦਸ਼ਾਹ ਬਾਬਰ ਤੋਂ ਬਾਅਦ ਉਸਦੀਆਂ ਅਗਲੇਰੀਆਂ ਪੀੜ੍ਹੀਆਂ ਖ਼ਾਸ ਕਰਕੇ ਬਾਦਸ਼ਾਹ ਜਹਾਂਗੀਰ ਅਤੇ ਔਰੰਗਜ਼ੇਬ ਵੱਲੋਂ ਸਥਾਪਿਤ ਮੁ.ਗਲ ਹਕੂਮਤ ਨੇ ਧਰਮ ਦੇ ਪਰੰਪਰਕ ਅਰਥਾਂ ਨੂੰ ਇਕਸਾਰ ਅਤੇ ਇਕਰੂਪ ਸੰਸਥਾਗਤ ਮਜ਼ਹਬ ਦੇ ਰੂਪ ਵਿਚ ਵੇਖਣ ਦੀ ਸੋਚ ਨੂੰ ਪ੍ਰਚਾਰਿਆ, ਅਜਿਹੀ ਸਥਿਤੀ ਵਿਚ ਆਮ ਰਿਆਇਆ ਦੇ ਮਨ ਵਿਚ ਖ਼ੌਫ਼ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਹੋ ਗਿਆ, ਕਿਉਂਕਿ ਜਿਸ ਰੂਪ ਵਿਚ ਮੁ.ਗਲ ਹਕੂਮਤ ਇਸਲਾਮ ਨੂੰ ਜ਼ਬਰੀ ਨਾਫ਼ਿਜ਼ ਕਰ ਰਹੀ ਸੀ;

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
(ਅੰਗ : 471)

ਅਜਿਹੀ ਰਾਜਨੀਤਕ ਸਥਿਤੀ ਦੇ ਚਲਦਿਆਂ ਲੋਕ ਮਾਨਸਿਕ ਗ਼ੁਲਾਮੀ ਦੇ ਸ਼ਿਕਾਰ ਹੋਣਾ ਸ਼ੁਰੂ ਹੋ ਗਏ ਸਨ। ਕੋਈ ਵੀ ਰਾਜਾ ਇਨ੍ਹਾਂ ਦੀ ਰਾਖੀ ਕਰਨ ਦੇ ਕਾਬਲ ਨਹੀਂ ਰਿਹਾ ਸੀ। ਸੈਨਿਕ ਆਪਣਾ ਖੱਤਰੀ ਧਰਮ ਛੱਡ ਕੇ ਹਮਲਾਵਰਾਂ ਨਾਲ ਰਲ ਗਏ ਸਨ। ਗੁਰੂ ਨਾਨਕ ਦੇਵ ਜੀ ਰਾਗ ਧਨਾਸਰੀ ਵਿਚ ਫਰਮਾਉਂਦੇ ਹਨ;

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥**
**(ਅੰਗ : 662)**

ਗੁਰੂ ਅਰਜਨ ਦੇਵ ਜੀ ਦਾ ਸਮਾਂ ਵੀ ਬੜਾ ਚੁਣੌਤੀ ਭਰਪੂਰ ਸੀ। ਉਸ ਵੇਲੇ ਮੁ.ਗਲ ਬਾਦਸ਼ਾਹ ਜਹਾਂਗੀਰ ਨੇ ਇਸਲਾਮ ਦੇ ਹੱਕ ਵਿਚ ਦੂਜੇ ਧਰਮਾਂ 'ਤੇ ਮਾਨਤਾਵਾਂ ਦਾ ਦਮਨ ਕਰਨਾ ਆਰੰਭ ਕੀਤਾ। ਜਹਾਂਗੀਰ ਦੇ ਹੁਕਮ ਉਤੇ ਉਨ੍ਹਾਂ ਨੂੰ ਵੀ ਲਾਹੌਰ ਵਿਖੇ 30 ਮਈ, 1606 ਨੂੰ ਸ਼ਹੀਦ ਕਰ ਦਿੱਤਾ ਗਿਆ। ਮੁ.ਗਲਾਂ ਵਲੋਂ ਇਸਲਾਮ ਤੋਂ ਇਲਾਵਾ ਕਿਸੇ ਹੋਰ ਧਰਮ ਜਾਂ ਮੱਤ ਵਿਚ ਆਸਥਾ ਰੱਖਣ ਵਾਲੇ ਲਈ ਕਾਫ਼ਿਰ ਦਾ ਦਰਜਾ ਐਲਾਨਿਆ ਹੋਇਆ ਸੀ। ਦੂਜੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਉਪਰ ਮਹਿਸੂਲ ਲਾਉਣਾ, ਜਜ਼ੀਆ ਕਰ ਲਾਉਣਾ, ਧਰਮ ਪਰਿਵਰਤਨ ਲਈ ਯਾਤਨਾਵਾਂ ਦੇਣਾ ਅਤੇ ਲਾਲਚ ਆਦਿ ਦੇ ਕੇ ਬਹੁਤ ਸਾਰੇ ਢੰਗਾਂ ਨਾਲ ਧਰਮ ਪਰਿਵਰਤਨ ਲਈ ਮਜਬੂਰ ਕੀਤਾ ਜਾਂਦਾ ਸੀ;

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**(ਅੰਗ : 145)**

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਾਵਾਰਾਂ ਪਹਿਨ ਕੇ ਸ਼ਾਸਤਰ ਅਤੇ ਸ਼ਸਤਰ ਦੀ ਲੋੜ ਨੂੰ ਪੂਰਾ ਕਰਨ ਦਾ ਉਪਰਾਲਾ ਕੀਤਾ। ਇਸ ਲਈ ਆਪਣੇ ਵਿਰਸੇ ਅਤੇ ਵਿਚਾਰਾਂ ਨੂੰ ਕਾਇਮ ਰੱਖਣ ਦੀ ਪਰੰਪਰਾ 'ਤੇ ਚਲਦਿਆਂ ਗੁਰੂ ਤੇ.ਗ ਬਹਾਦਰ ਜੀ ਨੇ ਦੂਜੇ/ਹੋਰਾਂ ਦੇ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਹਿੱਤ ਆਪਣੇ ਆਪ ਨੂੰ ਸ਼ਹੀਦੀ ਲਈ ਆਪ ਪੇਸ਼ ਕੀਤਾ।

ਮੁ.ਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਤੋਂ ਬਾਅਦ ਕਸ਼ਮੀਰ ਦੇ ਸੂਬੇਦਾਰ ਇਫ਼ਤਿਖ਼ਾਰ ਖ਼ਾਂ ਨੇ ਹਿੰਦੂਆਂ ਉਪਰ ਵਧੀਕੀਆਂ ਦੀ ਹੱਦ ਕਰ ਦਿੱਤੀ। ਕਸ਼ਮੀਰ ਦੇ ਕੁਝ ਬ੍ਰਾਹਮਣ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਪ੍ਰੇਸ਼ਾਨ ਹੋ ਕੇ ਅਮਰਨਾਥ ਮੰਦਰ ਵਿਚ ਇਕੱਠੇ ਹੋਏ ਅਤੇ ਸੰਕਟ-ਮੁਕਤੀ ਲਈ ਵਿਚਾਰ ਚਰਚਾ ਕੀਤੀ। ਸੰਕਟ ਦੇ ਨਿਵਾਰਨ ਲਈ ਪੰਡਿਤ ਕਿਰਪਾ ਰਾਮ ਨਿਵਾਸੀ ਮਟਨ, ਸ੍ਰੀਨਗਰ ਦੀ ਰਹਿਨੁਮਾਈ ਅਧੀਨ ਪੰਡਿਤ ਅਨੰਦਪੁਰ ਸਾਹਿਬ ਪੁੱਜੇ। ਉਨ੍ਹਾਂ ਨੂੰ ਔਰੰਗਜ਼ੇਬ ਵੱਲੋਂ ਧਰਮ ਪਰਿਵਰਤਨ ਕਰਨ ਲਈ ਕੀਤੇ ਜਾਂਦੇ ਜ਼ੁਲਮਾਂ ਅਤੇ ਤਸ਼ੱਦਦਾਂ ਦੀ ਕਥਾ ਸੁਣਾਈ। ਕਸ਼ਮੀਰੀ ਪੰਡਿਤਾਂ ਦੀ ਵਿਥਿਆ ਸੁਣ ਕੇ ਮਾਨਵਤਾ ਦੇ ਦਰਦ ਦੇ ਭਾਈਵਾਲ ਗੁਰੂ ਜੀ ਸੋਚਾਂ ਵਿਚ ਪੈ ਗਏ ਕਿ ਇਸ ਤਸ਼ੱਦਦ ਦਾ ਕਿਵੇਂ ਖ਼ਾਤਮਾ ਕੀਤਾ ਜਾਵੇ। ਬਾਲ ਗੋਬਿੰਦ ਰਾਏ ਜੋ ਉਦੋਂ ਕਰੀਬ ਨੌਂ ਵਰ੍ ?ਆਂ ਦੇ ਸਨ, ਨੇ ਪਿਤਾ ਜੀ ਨੂੰ ਗੰਭੀਰ ਚੁੱਪ ਦੀ ਹਾਲਤ ਵਿਚ ਦੇਖ ਕੇ ਪੁੱਛਿਆ ਕਿ ਉਹ ਕਿਉਂ ਗੰਭੀਰ ਬੈਠੇ ਹਨ ? ਨਿਰਭਉ ਤੇ ਨਿਰਵੈਰ ਸਤਿਗੁਰ ਨੇ ਜਵਾਬ ਦਿੱਤਾ ਕਿ ਧਰਮ ਦੀ ਰਾਖੀ ਲਈ ਕਿਸੇ ਮਹਾਨ ਪੁਰਖ ਦੀ ਸ਼ਹਾਦਤ ਦੀ ਜ਼ਰੂਰਤ ਹੈ। ਬਾਲ ਗੋਬਿੰਦ ਰਾਏ ਨੇ ਸਹਿਜ ਸੁਭਾਵਕ ਕਿਹਾ ਕਿ ਇਸ ਮਹਾਨ ਬਲੀਦਾਨ ਲਈ ਉਨ੍ਹਾਂ ਤੋਂ ਵੱਡੀ ਆਤਮਾ ਜਾਂ ਮਹਾਂਪੁਰਖ ਸਮੁੱਚੇ ਦੇਸ਼ ਵਿਚ ਨਹੀਂ ਹੋ ਸਕਦਾ। ਗੁਰੂ ਸਾਹਿਬ ਨਾ ਕੇਵਲ ਆਪਣੇ ਲਈ ਸਗੋਂ ਹਰ ਕਿਸੇ ਦੀ ਧਾਰਮਿਕ ਸੁਤੰਤਰਤਾ ਦੇ ਹਿਮਾਇਤੀ ਸਨ। ਉਹ ਜਨੇਊ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ ਪਰ ਧੱਕੇ ਨਾਲ ਜਨੇਊ ਉਤਾਰਨ ਦੇ ਹੱਕ ਵਿਚ ਵੀ ਨਹੀਂ ਸਨ।

ਮੁ.ਗਲ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਅੱਗੇ ਤਿੰਨ ਪੇਸ਼ਕਸ਼ਾਂ ਰੱਖੀਆਂ। ਇਸਲਾਮ ਕਬੂਲ ਕਰਨਾ, ਕਰਾਮਾਤ ਵਿਖਾਉਣੀ ਜਾਂ ਮੌਤ ਪ੍ਰਵਾਨ ਕਰਨੀ। ਗੁਰੂ ਜੀ ਨੇ ਹਕੂਮਤ ਦੀਆਂ ਪਹਿਲੀਆਂ ਦੋਵੇਂ ਪੇਸ਼ਕਸ਼ਾਂ ਠੁਕਰਾਅ ਦਿੱਤੀਆਂ ਅਤੇ ਐਲਾਨ ਕੀਤਾ ਕਿ ਉਹ ਤਾਂ ਦੇਸ਼ ਦੀ ਬਹੁਗਿਣਤੀ ਦੇ ਧਰਮ ਦੀ ਰੱਖਿਆ ਅਤੇ ਸੁਤੰਤਰਤਾ ਲਈ ਸ਼ਹਾਦਤ ਦੇਣ ਵਾਸਤੇ ਆਏ ਹਨ। ਗੁਰੂ ਜੀ ਨੂੰ ਭੈਅ ਭੀਤ ਕਰਨ ਤੇ ਉਨ੍ਹਾਂ ਦੇ ਦ੍ਰਿੜ ਇਰਾਦੇ ਨੂੰ ਡੁਲਾਉਣ ਲਈ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਪਰਮ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲਾ ਜੀ ਨੂੰ ਦੇਗ਼ ਵਿਚ ਉਬਾਲ ਦਿੱਤਾ ਗਿਆ ਅਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਸਾੜ ਦਿੱਤਾ ਗਿਆ ਪਰ ਗੁਰੂ ਜੀ ਦੇ ਸਿੱਖਾਂ ਨੇ 'ਸੀ' ਤੱਕ ਨਾ ਕੀਤੀ ਅਤੇ ਗੁਰੂ ਜੀ ਵੀ ਸਭ ਕੁਝ ਵੇਖਦੇ ਹੋਏ ਅਡੋਲ ਰਹੇ। ਮੁ.ਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਨਾਲ ਗੁਰੂ ਤੇ.ਗ ਬਾਹਦਰ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਆਮ ਲੋਕਾਂ ਦੇ ਸਾਹਮਣੇ 11 ਨਵੰਬਰ, 1675 ਈ. ਨੂੰ ਧੜ ਨਾਲੋਂ ਸੀਸ ਅਲੱਗ ਕਰਕੇ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਨਾਨਕ ਦੇਵ ਜੀ ਦੁਆਰਾ ਵੇਈਂ ਨਦੀ 'ਚ ਚੁੱਭੀ ਮਾਰਨ ਉਪਰੰਤ ਗਿਆਨ ਪ੍ਰਾਪਤ ਹੋਣ ਬਾਅਦ ਆਰੰਭ ਹੋਏ ਨਾਨਕ ਪੰਥ ਨਾਲ 'ਹਲੀਮੀ ਰਾਜ' ਦੀ ਜੋ ਸਥਾਪਨਾ ਹੋਈ ਅਤੇ ਉਸ ਨਾਲ ਇਕ ਅਲੱਗ ਆਰਥਿਕਤਾ ਦਾ ਵਿਕਾਸ ਵੀ ਆਰੰਭ ਹੋਇਆ। ਇਸ ਆਰਥਿਕਤਾ ਦੇ ਅਮੂਰਤਨ 'ਚ 'ਤੇਰਾ ਹੀ ਤੇਰਾ' ਅਤੇ 'ਸਰਬੱਤ ਦਾ ਭਲਾ' ਦੀ ਵਿਚਾਰਧਾਰਾ ਦਾ ਦਰਸ਼ਨ ਕਾਰਜਸ਼ੀਲ ਸੀ। ਇਸ ਨਾਲ ਨਾਨਕ ਪੰਥ ਵਿਚ ਸਮਾਜ ਦੇ ਕਈ ਖ਼ਿੱਤਿਆਂ ਅਤੇ ਕਿੱਤਿਆਂ ਦੇ ਲੋਕ ਸ਼ਾਮਿਲ ਹੋਏ, ਜਿਨ੍ਹਾਂ 'ਚ ਵਪਾਰਕ ਧੰਦਿਆਂ ਨਾਲ ਸਬੰਧਿਤ ਲੋਕ ਸਨ। ਇਨ੍ਹਾਂ ਵਿਚ ਜ਼ਿਆਦਾਤਰ ਲੋਕ ਲੁਬਾਣੇ ਅਤੇ ਵਣਜਾਰੇ ਸਿੱਖ ਸਨ ਜੋ ਕਿ ਵਪਾਰ ਅਤੇ ਵਸਤਾਂ ਦੀ ਆਮਦੋ ਰਫ਼ਤ ਲਈ ਆਵਾਜਾਈ ਦੇ ਸਾਧਨਾਂ ਨਾਲ ਜੁੜੇ ਧੰਦਿਆਂ ਨਾਲ ਸਬੰਧਿਤ ਸਨ। ਮੱਧਕਾਲੀ ਇਤਿਹਾਸ ਦੇ ਯੁੱਗ ਨੂੰ ਆਮ ਤੌਰ 'ਤੇ ਇਤਿਹਾਸਕਾਰ 'ਬਾਰੂਦ ਸਾਮਰਾਜਾਂ' ਦਾ ਕਾਲ ਕਿਹਾ ਜਾਂਦਾ ਹੈ ਜਿਵੇਂ ਕਿ ਔਟੋਮਾਨ, ਸਫ਼ਾਵਿਦ ਅਤੇ ਮੁ.ਗਲ ਆਦਿ। ਬਾਰੂਦ ਦੀ ਤਾਕਤ ਨਾਲ ਇਸਲਾਮੀ ਹਕੂਮਤਾਂ ਵਿਸ਼ਵ ਦੇ ਮਹੱਤਵਪੂਰਨ ਭਾਗਾਂ ਵਿਚ ਕਾਇਮ ਹੋਈਆਂ। ਦੱਖਣ ਏਸ਼ੀਆ ਦੇ ਖ਼ਿੱਤੇ ਵਿਚ ਹਿੰਦੋਸਤਾਨ ਵਿਚ ਸ਼ੋਰਾ/Sa&tpetre ਖ਼ਾਸ ਕਰਕੇ ਉੱਤਰੀ ਖੇਤਰ ਵਿਚ ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਸੀ, ਜੋ ਕਿ ਬਾਰੂਦ ਬਣਾਉਣ ਅਤੇ ਇਸਦੇ ਉਤਪਾਦਨ ਵਾਸਤੇ ਇਕ ਮਹੱਤਵਪੂਰਨ ਸਮੱਗਰੀ ਸੀ। ਇਸ ਕਰਕੇ ਇਸ ਦੀ ਬਾਰੂਦ ਸਾਮਾਰਾਜਾਂ ਦੇ ਨਿਰਮਾਣ ਅਤੇ ਸਥਾਪਨਾ ਵਿਚ ਮਹੱਤਵਪੂਰਨ ਭੂਮਿਕਾ ਰਹੀ। ਲੁਬਾਣਾ ਅਤੇ ਵਣਜਾਰਾ ਵਪਾਰੀਆਂ ਦੀ ਸ਼ੋਰੇ ਦੇ ਵਪਾਰ ਅਤੇ ਬਾਰੂਦ ਉਤਪਾਦਨ ਅਤੇ ਵਿਸ਼ਵ ਭਰ ਵਿਚ ਆਪਣੇ ਆਵਾਜਾਈ ਅਤੇ ਢੋਆ-ਢੁਆਈ ਦੇ ਸਾਧਨਾਂ ਰਾਹੀਂ ਆਪੂਰਤੀ ਕਰਨ ਵਿਚ ਮਹੱਤਵਪੂਰਨ ਭੂਮਿਕਾ ਰਹੀ।

ਪੰਦਰਵੀਂ ਸ਼ਤਾਬਦੀ ਵਿਚ ਲੁਬਾਣਾ ਅਤੇ ਵਣਜਾਰਾ ਕੌਮਾਂ ਨੇ ਗੁਰੂ ਨਾਨਕ ਪਾਤਸ਼ਾਹ ਦੀਆਂ ਸਿੱਖਿਆਵਾਂ ਅਪਣਾਅ ਕੇ ਸਿੱਖ ਪੰਥ ਧਾਰਨ ਕਰਨਾ ਆਰੰਭ ਕੀਤਾ। ਸ਼ੋਰੇ ਦੇ ਵਪਾਰ ਨਾਲ ਜੁੜੇ ਲੋਕਾਂ ਨੂੰ ਲੁਬਾਣਾ ਕਿਹਾ ਜਾਣ ਲੱਗਾ। 'ਲੂ' ਦਾ ਸ਼ਾਬਦਿਕ ਅਰਥ ਹੈ 'ਸ਼ੋਰਾ' ਅਤੇ 'ਬਾਣਾ' ਤੋਂ ਭਾਵ ਹੈ, ਵਪਾਰੀ।

ਲੁਬਾਣਾ ਅਤੇ ਵਣਜਾਰਾ ਵਪਾਰੀ ਸ਼ੋਰੇ ਨੂੰ ਉੱਤਰੀ ਹਿੰਦੋਸਤਾਨ ਖ਼ਾਸ ਕਰਕੇ ਬਿਹਾਰ, ਗੰਗਾ-ਯਮੁਨਾ ਦੇ ਮੈਦਾਨਾਂ ਅਤੇ ਪੰਜਾਬ ਦੇ ਵਿਸ਼ਾਲ ਇਲਾਕਿਆਂ ਤੋਂ ਇੱਕਠਾ ਕਰਕੇ ਆਪਣੇ ਟਾਂਡਿਆਂ (ਕਾਫਲਿਆਂ) ਰਾਹੀਂ ਗੁਜਰਾਤ ਵਿਚ ਸੂਰਤ ਦੀ ਬੰਦਰਗਾਹ ਤੱਕ ਲੈ ਕੇ ਆਉਂਦੇ ਅਤੇ ਅੱਗੋਂ ਸਮੁੰਦਰੀ ਜਹਾਜ਼ਾਂ ਦੁਆਰਾ ਮੱਧ ਏਸ਼ੀਆ, ਅਫ਼ਰੀਕਾ ਅਤੇ ਪੂਰਬੀ-ਪੱਛਮੀ ਯੂਰਪ ਦੇ ਮੁਲਕਾਂ ਵਿਚ ਪਹੁੰਚਾਉਂਦੇ ਸਨ। ਇਨ੍ਹਾਂ ਵਣਜਾਰਿਆਂ ਦੇ ਨਾਲ ਨਾਲ ਇਸ ਵਪਾਰ ਵਿਚ ਅੰਗਰੇਜ਼, ਡੱਚ ਅਤੇ ਹੋਰ ਪੱਛਮੀ ਕੌਮੀਅਤਾਂ ਦੇ ਵਪਾਰੀ ਵੀ ਸ਼ਾਮਿਲ ਸਨ। ਇਨ੍ਹਾਂ ਨੇ ਆਪਣੇ ਵਪਾਰ ਮਾਰਗਾਂ ਵਿਚ ਆਪਣੇ ਠਹਿਰਨ ਲਈ ਛੋਟੇ ਛੋਟੇ ਕਿਲ੍ਹੇ ਅਤੇ ਗੜ੍ਹ ਉਸਾਰੇ ਹੋਏ ਸਨ, ਇਨ੍ਹਾਂ ਨੂੰ ਵੀ ਟਾਂਡੇ ਜਾਂ ਕਾਰਵਾਂ ਕਿਹਾ ਜਾਂਦਾ ਸੀ। ਇਸ ਤੋਂ ਇਲਾਵਾ ਇਨ੍ਹਾਂ ਨੇ ਆਪਣੀ ਸੁਰੱਖਿਆ ਲਈ ਹਥਿਆਰਬੰਦ ਦਸਤੇ ਵੀ ਰੱਖੇ ਹੋਏ ਸਨ। ਮੁ.ਗਲ ਬਾਦਸ਼ਾਹ ਅਕਬਰ ਨੇ ਵਣਜਾਰੇ-ਲੁਬਾਣੇ ਸਿੱਖਾਂ ਨੂੰ ਮੁ.ਗਲ ਫ਼ੌਜ ਨੂੰ ਸ਼ੋਰੇ ਅਤੇ ਅਨਾਜ ਦੀ ਆਪੂਰਤੀ ਨਿਰਵਿਘਨ ਜਾਰੀ ਰੱਖਣ ਲਈ ਕਈ ਕਰ-ਛੋਟਾਂ ਅਤੇ ਪ੍ਰੋਤਸਾਹਨ ਸਹੂਲਤਾਂ ਪ੍ਰਦਾਨ ਕੀਤੀਆਂ ਹੋਈਆਂ ਸਨ।

ਮੱਧਕਾਲ ਵਿਚ ਪੂਰੀ ਦੁਨੀਆ ਅੰਦਰ ਇਸ ਸਾਰੇ ਵਪਾਰ ਵਿਚ ਵਣਜਾਰੇ-ਲੁਬਾਣੇ ਸਿੱਖਾਂ, ਪਾਰਸੀਆਂ, ਯਹੂਦੀਆਂ, ਚੀਨੀਆਂ ਅਤੇ ਯੂਰਪੀਆਂ ਦੀ ਮੁੱਖ ਭੂਮਿਕਾ ਸੀ। ਹਿੰਦੋਸਤਾਨ ਦੇ ਖ਼ਿੱਤੇ ਵਿਚ ਇਸ ਸਾਰੇ ਵਪਾਰ ਵਿਚ ਵਣਜਾਰੇ-ਲੁਬਾਣੇ ਸਿੱਖ ਭਾਰੂ ਸਨ, ਜਿਨ੍ਹਾਂ ਕੋਲ ਹਜ਼ਾਰਾਂ ਦੀ ਤਦਾਦ ਵਿਚ ਬੈਲ ਗੱਡਿਆਂ ਦੇ ਟਾਂਡੇ (ਕਾਫ਼ਲੇ) ਅਤੇ ਸੈਂਕੜੇ ਛੋਟੇ ਵੱਡੇ ਸਮੁੰਦਰੀ ਜਹਾਜ਼ ਸਨ। ਇਨ੍ਹਾਂ ਕੋਲ ਆਪਣੇ ਹਥਿਆਰਬੰਦ ਦਸਤਿਆਂ ਦੇ ਪ੍ਰਬੰਧ ਵੀ ਸਨ। ਇਨ੍ਹਾਂ ਵਣਜਾਰੇ ਸਿੱਖਾਂ ਕੋਲ ਜਲ ਅਤੇ ਥਲ ਮਾਰਗਾਂ ਵਿਚ ਚੱਲਣ ਦੀ ਮੁਹਾਰਤ ਹਾਸਿਲ ਸੀ ਜਦਕਿ ਯੂਰਪੀ ਵਪਾਰੀਆਂ ਕੋਲ ਕੇਵਲ ਸਮੁੰਦਰੀ ਮਾਰਗਾਂ 'ਤੇ ਚੱਲਣ ਦੀ ਜਾਚ ਸੀ। ਸੋਲ੍ਹਵੀਂ, ਸਤਾਰ੍ਹਵੀਂ ਅਤੇ ਅਠ੍ਹਾਰਵੀਂ ਸ਼ਤਾਬਦੀ ਵਿਚ ਤਾਂ ਸ਼ੋਰੇ ਦੀ ਮੰਗ ਏਨੀਂ ਵਧ ਗਈ ਸੀ ਕਿ ਇਸ ਨੂੰ 'ਸਫ਼ੈਦ ਸੋਨਾ' ਵੀ ਕਿਹਾ ਜਾਣ ਲੱਗਾ ਸੀ।

ਵਣਜਾਰੇ ਅਤੇ ਲੁਬਾਣੇ ਸਿੱਖ ਇਸ ਵਪਾਰ ਵਿਚ ਮੁੱਖ ਕਰਤਾ ਧਰਤਾ ਸਨ ਉਨ੍ਹਾਂ ਦਾ ਪ੍ਰਭਾਵ ਏਨਾ ਵਧਣ ਲੱਗਾ ਕਿ ਉਨ੍ਹਾਂ ਨੇ ਮੁ.ਗਲ ਹਕੂਮਤ ਦੇ ਸਮਾਨਾਂਤਰ ਆਰਥਿਕਤਾ ਵਿਕਸਤ ਕਰ ਲਈ। ਇਸ ਆਰਥਿਕਤਾ ਅਤੇ ਪੈਸੇ ਦੇ ਪਸਾਰੇ ਨਾਲ ਸਿੱਖ ਪੰਥ ਦਾ ਵੀ ਪ੍ਰਚਾਰ ਪ੍ਰਸਾਰ ਵਧਿਆ। ਪੂਰੇ ਮੱਧ ਪੂਰਬ, ਅਫ਼ਰੀਕਾ, ਯੂਰਪ, ਰੂਸ, ਇੰਡੋਨੇਸ਼ੀਆ ਆਦਿ ਵਿਚ ਇਨ੍ਹਾਂ ਵਣਜਾਰੇ ਵਪਾਰੀਆਂ ਦੇ ਛੋਟੇ ਛੋਟੇ ਪਿੰਡ ਅਤੇ ਟਿਕਾਣੇ ਟਾਂਡਿਆਂ ਦੇ ਨਾਂਅ ਹੇਠ ਉਸਰਨ ਅਤੇ ਵਿਕਸਤ ਹੋਣ ਲੱਗੇ।

ਭੱਟ ਵਹੀ ਜਾਦੋਬੰਸੀਆਂ, ਭੱਟ ਵਹੀ ਮੁਲਤਾਨੀ ਸਿੰਧੀ, ਭੱਟ ਵਹੀ ਪੂਰਬੀ ਦੱਖਣੀ, ਭੱਟ ਵਹੀ ਤਲੌਂਡਾ ਪਰਗਨਾ, ਭੱਟ ਵਹੀ ਮਾਰ ਬਿਜਲੌਤੋਂ ਕੀ ਅਤੇ ਭੱਟ ਵਹੀ ਭਾਦਸੋਂ ਅਨੁਸਾਰ ਵਣਜਾਰੇ, ਰਾਠੌਰ, ਚੌਹਾਨ, ਤੋਮਰ, ਜਾਦਵ, ਪਵਾਰ ਆਦਿ ਕੁਲਾਂ ਨਾਲ ਸਬੰਧਿਤ ਸਨ, ਜਿਨ੍ਹਾਂ ਨੇ ਨਾ ਸਿਰਫ਼ ਵਪਾਰ ਵਿਚ ਬਲਕਿ ਰਾਜ ਸੱਤਾ ਵਿਚ ਵੀ ਪਹਿਲੀ ਸ਼ਤਾਬਦੀ ਤੋਂ ਆਪਣਾ ਪ੍ਰਭਾਵ ਕਾਇਮ ਕੀਤਾ ਹੋਇਆ ਸੀ। ਪਵਾਰ ਵਣਜਾਰੇ ਰਾਜਾ ਭੋਜ ਦੀ ਕੁੱਲ ਵਿਚੋਂ ਹਨ। ਸੋਲ੍ਹਵੀਂ ਸਦੀ ਵਿਚ ਭਾਈ ਲਛਮਣ ਗੁਰੂ ਨਾਨਕ ਸਾਹਿਬ ਦਾ ਸਿੱਖ ਬਣਦਾ ਹੈ। ਇਥੇ ਗੁਰੂ ਸਾਹਿਬ ਦੀ ਮੰਜੀ ਵੀ ਸਥਾਪਿਤ ਕੀਤੀ



ਜਾਂਦੀ ਹੈ। ਇਸੇ ਪਵਾਰ ਪਰਿਵਾਰ ਵਿਚੋਂ ਭਾਈ ਦਿਆਲਾ ਜੀ ਸਨ ਜੋ ਗੁਰੂ ਤੇ.ਗ ਬਹਾਦਰ ਜੀ ਨਾਲ ਸ਼ਹੀਦ ਹੋਏ। ਇਹ ਭਾਈ ਮਨੀ ਸਿੰਘ ਦੇ ਵੱਡੇ ਭਰਾ ਸਨ। ਇਨ੍ਹਾਂ ਦੇ ਪਿਤਾ ਭਾਈ ਮਾਈ ਦਾਸ ਨਾਹਨ ਵਿਖੇ ਹੀ ਜਨਮੇ ਸਨ। ਇਸ ਕੁੱਲ ਵਿਚੋਂ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਬੰਦਾ ਬਹਾਦਰ ਤੱਕ ਕੋਈ ਸੌ ਦੇ ਕਰੀਬ ਸ਼ਹੀਦ ਹੋਏ। ਪੇਲੀਆ/ਤੋਮਰ ਵਣਜਾਰਾ ਕੁੱਲ ਵਿਚੋਂ ਭਾਈ ਮੱਖਣ ਸ਼ਾਹ ਲੁਬਾਣਾ ਪ੍ਰਮੁੱਖ ਸਿੱਖ ਸਨ। ਇਨ੍ਹਾਂ ਦੇ ਪੁਰਖੇ ਸੁਹਾਨ ਮੱਲ ਵਣਜਾਰਾ ਮੱਟਨ (ਕਸ਼ਮੀਰ) ਵਿਖੇ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਅਤੇ ਸਿੱਖੀ ਅਪਣਾਈ। ਸਤ ?ਹਾਰਵੀਂ ਸਦੀ ਵਿਚ ਭਾਈ ਮੱਖਣ ਸ਼ਾਹ ਲੁਬਾਣਾ ਗੁਰੂ ਤੇ.ਗ ਬਹਾਦਰ ਜੀ ਦੇ ਬਹੁਤ ਕਰੀਬੀ ਰਹੇ। ਇਹ ਭਾਈ ਲੱਖੀ ਸ਼ਾਹ ਵਣਜਾਰਾ ਦੇ ਜੀਜਾ ਵੀ ਸਨ। ਲੱਖੀ ਸ਼ਾਹ ਦੀ ਭੈਣ ਸੀਤੋ ਇਨ੍ਹਾਂ ਨਾਲ ਵਿਆਹੀ ਹੋਈ ਸੀ। ਲੱਖੀ ਸ਼ਾਹ ਵਣਜਾਰਾ ਜਾਦਵ ਕੁਲ ਬੜਤੀਆ ਗੋਤ੍ਰ ਵਿਚੋਂ ਸਨ ਅਤੇ ਇਨ੍ਹਾਂ ਦੇ ਦਾਦਾ ਦਾ ਨਾਮ ਠਾਕਰ ਅਤੇ ਪਿਤਾ ਦਾ ਨਾਮ ਗੋਧੂ ਸੀ। ਆਪ ਦਿੱਲੀ ਦੇ ਬਹੁਤ ਵੱਡੇ ਵਪਾਰੀ ਸਨ ਅਤੇ ਰਾਏਸਿਨਾ, ਬਾਰਾ ਖੰਬਾ, ਨਰੇਲਾ ਅਤੇ ਮਾਲਚਾ ਵਿਖੇ ਆਪ ਦੇ ਗੜ੍ਹ ਅਤੇ ਟਾਂਡੇ ਸਨ। ਸ਼ਾਹਜਹਾਂ ਦੇ ਸਮੇਂ ਲਾਲ ਕਿਲ੍ਹੇ ਦੀ ਉਸਾਰੀ ਦੀ ਠੇਕੇਦਾਰੀ ਭਾਈ ਲੱਖੀ ਸ਼ਾਹ ਵਣਜਾਰੇ ਕੋਲ ਹੀ ਸੀ। 11 ਨਵੰਬਰ, 1675 ਨੂੰ ਚਾਂਦਨੀ ਚੌਕ ਵਿਖੇ ਜਦੋਂ ਗੁਰੂ ਤੇ.ਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਪੁੱਤਰਾਂ ਨਗਾਹੀਆ ਆਦਿ ਦੀ ਸਹਾਇਤਾ ਨਾਲ ਮ੍ਰਿਤਕ ਦੇਹ ਦਾ ਸਸਕਾਰ ਰਾਏਸਿਨਾ ਵਿਖੇ ਆਪਣੀ ਹਵੇਲੀ ਨੂੰ ਅੱਗ ਲਾ ਕੇ ਕੀਤਾ ਸੀ। ਬਾਬਰ ਨੇ ਪਹਿਲੀ ਵਾਰ ਹਿੰਦੋਸਤਾਨ ਵਿਚ ਬਾਰੂਦ ਦਾ ਇਸਤੇਮਾਲ ਕੀਤਾ। 'ਬਾਬਰਨਾਮਾ' ਅਨੁਸਾਰ ਮੁ.ਗਲਾਂ ਨੇ ਆਪਣੀਆਂ ਤੋੜੇਦਾਰ ਬੰਦੂਕਾਂ ਦਾ ਪ੍ਰਯੋਗ ਸੰਨ 1519 ਈ. ਵਿਚ ਉੱਤਰ-ਪੱਛਮੀ ਇਲਾਕੇ ਵਿਚ ਬਾਜੌਰ ਵਿਖੇ ਲੋਧੀ ਸਲਤਨੱਤ ਵਿਰੁੱਧ ਕੀਤਾ। ਅੱਠ ਸਾਲ ਬਾਅਦ 1527 ਈ. ਨੂੰ ਪਾਣੀਪਤ ਦੀ ਪਹਿਲੀ ਲੜਾਈ ਵਿਚ ਬਾਬਰ ਨੇ 'ਤੁਪ-ਏ-ਫ਼ਿਰੰਗੀ' ਦਾ ਲੋਧੀਆਂ ਵਿਰੁੱਧ ਇਸਤੇਮਾਲ ਕੀਤਾ, ਜਿਸਦਾ ਬਾਬਰ ਨੂੰ ਰਣਨੀਤਕ ਰੂਪ ਵਿਚ ਬਹੁਤ ਫ਼ਾਇਦਾ ਹੋਇਆ। ਸੰਨ 1527 ਈ. ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਰਾਗ ਆਸਾ ਵਿਚ ਕਹੇ ਸ਼ਬਦ 'ਬਾਬਰਵਾਣੀ' ਅੰਦਰ ਏਮਨਾਬਾਦ ਦੀ ਲੜਾਈ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਮੁ.ਗਲ ਬਾਬਰ ਵਲੋਂ ਅਫ਼.ਗਾਨੀ ਅਤੇ ਪਸ਼ਤੂਨੀ ਇਲਾਕਿਆਂ ਵਿਚ ਆਫ਼ਰੀਦੀ ਪਠਾਣਾਂ ਵਿਰੁਧ ਬਾਰੂਦ ਦਾ ਪ੍ਰਯੋਗ ਕੀਤਾ ਹੈ;

**ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥**
**ਉਨ੍ਹੀ ਤੁਪਕ ਤਾਣਿ ਚਲਾਈ ਉਨ੍ਹੀ ਹਸਤਿ ਚਿੜਾਈ ॥**
**(ਅੰਗ : 417-18)**

ਭਾਵ ਮੁ.ਗਲਾਂ ਤੇ ਪਠਾਣਾਂ ਦੇ ਵਿਚਕਾਰ ਯੁੱਧ ਹੋਇਆ ਅਤੇ ਜੰਗ ਦੇ ਮੈਦਾਨ ਅੰਦਰ ਤਲਵਾਰ ਵਾਹੀ ਗਈ। ਉਨ੍ਹਾਂ ਮੁ.ਗਲਾਂ ਨੇ ਆਪਣੀਆਂ ਬੰਦੂਕਾਂ ਸਿੰਨ ਕੇ ਛੱਡੀਆਂ ਅਤੇ ਉਨ੍ਹਾਂ ਪਠਾਣਾਂ ਨੇ ਹਾਥੀਆਂ ਨਾਲ ਹਮਲਾ ਕੀਤਾ।

ਸੰਨ 1600 ਈ. ਵਿਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਹੋਈ, ਜਿਸਦਾ ਮੁੱਖ ਕੰਮ ਹਿੰਦੋਸਤਾਨ ਨਾਲ ਵਪਾਰ ਆਰੰਭ ਕਰਨਾ ਸੀ। ਸੰਨ 1608 ਈ. ਵਿਲੀਅਮ ਹਾਕਿੰਨਜ਼ ਮੁ.ਗਲ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿਚ ਹਾਜ਼ਿਰ ਹੋਇਆ। ਸੰਨ 1611 ਈ. ਵਿਚ ਅੰਗਰੇਜ਼ ਕੈਪਟਨ ਮਿਡਲਟਨ ਨੇ ਸੂਰਤ ਦੇ ਸੂਬੇਦਾਰ ਤੋਂ ਵਪਾਰ ਦੀ ਆਗਿਆ ਲੈ ਲਈ ਅਤੇ ਪਹਿਲੀ ਫੈਕਟਰੀ ਲਾਈ ਗਈ। ਸੰਨ 1615 ਈ. ਅੰਗਰੇਜ਼ ਰਾਜਦੂਤ ਸਰ ਥਾਮਸ ਰੌਅ ਨੇ ਜਹਾਂਗੀਰ ਦੇ ਦਰਬਾਰ ਤੋਂ ਦੋ ਫ਼ਰਮਾਨ ਹਾਸਿਲ ਕੀਤੇ। ਇਸ ਨਾਲ ਈਸਟ ਇੰਡੀਆ ਕੰਪਨੀ ਨੂੰ ਸ਼ੋਰੇ ਨੂੰ ਛੱਡ ਕੇ ਕੁਝ ਵਸਤਾਂ ਲਈ ਮੁ.ਫ਼ਤ/ਖੁੱਲ੍ਹਾ ਵਪਾਰ ਕਰਨ ਦੀ ਆਗਿਆ ਮਿਲ ਗਈ। ਸੰਨ 1616 ਈ. ਵਿਚ ਈਸਟ ਇੰਡੀਆ ਕੰਪਨੀ ਨੇ ਦੱਖਣ ਭਾਰਤ ਵਿਚ ਮਛਲੀਪਟਨਮ ਵਿਚ ਦੂਜੀ ਫੈਕਟਰੀ ਲਗਾਈ। ਇਸ ਨਾਲ ਲੁਬਾਣਿਆਂ ਅਤੇ ਵਣਜਾਰਿਆਂ ਦੇ ਵਪਾਰ ਨੂੰ ਵੱਡਾ ਧੱਕਾ ਲੱਗਾ। ਸੰਨ 1620 ਵਿਚ ਈਸਟ ਇੰਡੀਆ ਕੰਪਨੀ ਨੇ ਲੁਬਾਣਿਆਂ ਅਤੇ ਵਣਜਾਰਿਆਂ ਤੋਂ ਸਿੱਧੀ ਖ਼ਰੀਦ ਕਰਕੇ ਹਿੰਦੋਸਤਾਨ ਵਿਚੋਂ ਸ਼ੋਰੇ ਦਾ ਨਿਰਯਾਤ ਕਰਨਾ ਸ਼ੁਰੂ ਕਰ ਦਿੱਤਾ। ਸੰਨ 1624 ਈ. ਵਿਚ ਰਾਜ ਘਰਾਣੇ ਦੇ ਏਕਾਧਿਕਾਰ ਨੂੰ ਤੋੜਦੇ ਹੋਏ ਕੰਪਨੀ ਨੇ ਬਾਰੂਦ ਦੀ ਆਪਣੇ ਨਿੱਜੀ ਸੁਰੱਖਿਆ ਹਿੱਤਾਂ ਲਈ ਵਰਤੋਂ ਕਰਨ ਦੀ ਇਜਾਜ਼ਤ ਲੈ ਲਈ। ਸੰਨ 1630-40 ਈ. ਦਰਮਿਆਨ ਸ਼ੋਰੇ ਦਾ ਇਹ ਵਪਾਰ ਏਨਾ ਵਧਿਆ ਕਿ ਕੰਪਨੀ ਲੱਗਪਗ ਇਸ ਲਈ ਇੱਕੋ ਇੱਕ ਮੂਲ ਆਪੂਰਤੀਕਰਤਾ ਬਣ ਗਈ। ਇਸ ਨਾਲ ਸਿੱਖ ਵਣਜਾਰਿਆਂ ਦਾ ਮੁ.ਗਲ ਹਕੂਮਤ ਨਾਲ ਅੰਦਰੋਂ ਅੰਦਰ ਤਣਾਓ ਅਤੇ ਟਕਰਾਓ ਆਰੰਭ ਹੋ ਗਿਆ। ਸੰਨ 1651 ਵਿਚ ਕੰਪਨੀ ਨੂੰ ਹੁਗਲੀ ਵਿਚ ਵਪਾਰ ਕਰਨ ਦੀ ਇਜਾਜ਼ਤ ਮਿਲ ਗਈ। ਸੰਨ 1667 ਈ. ਵਿਚ ਮੁ.ਗਲ ਬਾਦਸ਼ਾਹ ਔਰੰਗਜ਼ੇਬ ਨੇ ਕੰਪਨੀ ਨੂੰ ਬੰਗਾਲ ਵਿਚ ਵਪਾਰ ਕਰਨ ਦੀ ਆਗਿਆ ਦੇ ਦਿੱਤੀ। ਸੰਨ 1687 ਵਿਚ ਕੰਪਨੀ ਦਾ ਮੁੱਖ ਦਫ਼ਤਰ ਸੂਰਤ ਤੋਂ ਬੰਬਈ ਵਿਖੇ ਤਬਦੀਲ ਹੋ ਗਿਆ। ਇਸ ਤੋਂ ਬਾਅਦ ਮੁ.ਗਲ ਹਕੂਮਤ ਨੇ ਸ਼ੋਰੇ ਦਾ ਸਾਰਾ ਵਪਾਰ ਲੁਬਾਣੇ-ਵਣਜਾਰੇ ਸਿੱਖਾਂ ਤੋਂ ਖੋਹ ਕੇ ਅੰਗਰੇਜ਼ਾਂ ਨੂੰ ਦੇ ਦਿੱਤਾ। ਇਸ ਤੋਂ ਬਾਅਦ ਇਹ ਲੁਬਾਣੇ-ਵਣਜਾਰੇ ਸਿੱਖਾਂ ਦੀ ਮੁ.ਗਲ ਸੱਤਾ ਨਾਲ ਸਿੱਧੀ ਤਣ ਗਈ। ਇਨ੍ਹਾਂ ਦੀਆਂ ਮੁ.ਗਲ ਸੱਤਾ ਨਾਲ ਕਈ ਲੜਾਈਆਂ ਤੇ ਟਕਰਾਓ ਹੋਏ। ਮੁ.ਗਲ ਸੱਤਾ ਇਹ ਜਾਨਣਾ ਚਾਹੁੰਦੀ ਸੀ ਕਿ ਇਨ੍ਹਾਂ ਸਿੱਖਾਂ ਦੀ ਅਧਿਆਤਮਕ ਸ਼ਕਤੀ ਦਾ ਸਰੋਤ ਕੀ ਹੈ ? ਜਦ ਪਤਾ ਲੱਗਾ ਕਿ ਸਿੱਖ ਗੁਰੂਆਂ ਦੇ ਸ਼ਬਦ-ਦਰਸ਼ਨ ਅਤੇ ਜੀਵਨ ਆਦਰਸ਼ ਇਨ੍ਹਾਂ ਦੀ ਅਧਿਆਤਮਕ ਪ੍ਰੇਰਨਾ ਦੇ ਸਰੋਤ ਹਨ ਤਾਂ ਮੁ.ਗਲ ਸੱਤਾ ਨੇ ਇਨ੍ਹਾਂ ਸਰੋਤਾਂ ਨੂੰ ਮਿਟਾਉਣ ਲਈ ਜ਼ਬਰੀ ਧਰਮ ਪਰਿਵਰਤਨ ਦੀ ਨੀਤੀ ਅਪਣਾਈ। ਇਸ ਸੰਦਰਭ ਵਿਚ ਮੁ.ਗਲ ਸੱਤਾ ਨੂੰ ਸਭ ਤੋਂ ਵੱਧ ਨਰਮ ਟੀਚਾ ਕਸ਼ਮੀਰੀ ਬ੍ਰਾਹਮਣ ਜਾਪੇ। ਇਸ ਦਾ ਇਕ ਕਾਰਨ ਭੂਗੋਲਿਕ ਵੀ ਸੀ। ਕਸ਼ਮੀਰੀ ਪੰਡਿਤ ਆਪਣੇ ਬਚਾਓ ਲਈ ਗੁਰੂ ਤੇ.ਗ ਬਹਾਦਰ ਜੀ ਕੋਲ ਪਹੁੰਚੇ। ਗੁਰੂ ਤੇ.ਗ ਬਹਾਦਰ ਜੀ ਦੇ ਬਹੁਤੇ ਸਿੱਖ ਵਣਜਾਰੇ-ਲੁਬਾਣੇ ਸਨ, ਜੋ ਕਈ ਪੀੜ੍ਹੀਆਂ ਤੋਂ ਗੁਰੂ ਘਰ ਨਾਲ ਜੁੜੇ ਸਨ। ਇਨ੍ਹਾਂ ਕਾਰਨਾਂ ਕਰਕੇ ਵੀ ਲੱਖੀ ਸ਼ਾਹ ਲੁਬਾਣੇ ਤੇ ਉਨ੍ਹਾਂ ਦੇ ਪਰਿਵਾਰ ਨੇ ਮੁ.ਗਲ ਹਕੂਮਤ ਦੇ ਖ਼ਿਲਾ.ਫ਼ ਗੁਰੂ ਸਾਹਿਬਾਨ ਨਾਲ ਖੜ੍ਹਨ ਨੂੰ ਤਰਜੀਹ ਦਿੱਤੀ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ : ਚੜ੍ਹਦੀਕਲਾ ਦਾ ਨਵਾਂ ਉਭਾਰ

ਆਸ ਤੇ ਭਰੋਸੇ ਦੀ ਭਾਵਨਾ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਸਿੱਖ ਦਾ ਪੰਥ ਰੌਸ਼ਨ ਤੇ ਸਹਿਜ ਕਰਦੀ ਆਈ ਹੈ। ਗੁਰੂ ਅਰਜਨ ਸਾਹਿਬ ਦੀ ਲਾਹੌਰ ਵਿੱਚ ਹੋਈ ਸ਼ਹੀਦੀ ਨੇ ਸਿੱਖੀ ਸਿਧਾਂਤਾਂ ਤੇ ਦ੍ਰਿੜਤਾ ਦੇ ਜਜ਼ਬੇ ਨੂੰ ਠੋਸ ਆਧਾਰ ਪ੍ਰਦਾਨ ਕੀਤਾ ਸੀ । ਗੁਰੂ ਹਰਿਗੋਬਿਦ ਸਾਹਿਬ ਦੀ ਮੀਰੀ ਤੇ ਪੀਰੀ ਦੀ ਸੋਚ ਨੇ ਸਿੱਖਾਂ ਅੰਦਰ ਧਰਮ ਲਈ ਸੂਰਵੀਰ ਜੋਧਾ ਬਣਨ ਦਾ ਸੰਕਲਪ ਪੈਦਾ ਕੀਤਾ । ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੇ ਉਸ ਸੰਕਲਪ ਨੂੰ "ਨਾ ਟਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋਂ" ਵਿੱਚ ਬਦਲ ਦਿੱਤਾ। ਸਿੱਖ ਦੀ ਚੜ੍ਹਦੀਕਲਾ ਦੇ ਇਸ ਉਭਾਰ ਨੇ ਅਨਿਆਂ, ਜਬਰ ਦੇ ਵਿਰੁੱਧ ਸਿੱਖ ਦੀ ਖਾਲਸ ਸ਼ਕਤੀ ਨੂੰ ਸਦਾ ਲਈ ਅਜਿੱਤ ਬਣਾ ਦਿੱਤਾ। ਚੜ੍ਹਦੀਕਲਾ ਦੀ ਭਾਵਨਾ ਸਿੱਖ ਦਾ ਉਹ ਬਲ ਬਣ ਗਈ ਜਿਸ ਦੇ ਮੁਕਾਬਿਲ ਕੁੱਝ ਹੋ ਹੀ ਨਹੀਂ ਸਕਦਾ।

ਮਨੁੱਖ ਆਪਣੇ ਅੰਦਰ ਬਲ ਪ੍ਰਗਟ ਕਰ ਲਵੇ ਤਾਂ ਉਸ ਲਈ ਕੁੱਝ ਵੀ ਨਾਮੁਮਕਿਨ ਨਹੀਂ ਹੈ। ਮਨੁੱਖ ਸਾਰਾ ਸਮਾਂ ਬਲ ਸੰਚਿਤ ਕਰਦਾ ਹੈ ਫਿਰ ਵੀ ਵਿਪਦਾ ਆਉਣ ਤੇ ਬੇਬਸ ਨਜਰ ਆਉਂਦਾ ਹੈ। ਕਿਉਂਕਿ ਜਿਸ ਬਲ ਤੇ ਉਸ ਦਾ ਭਰੋਸਾ ਹੁੰਦਾ ਹੈ ਉਹ ਕੰਮ ਨਹੀਂ ਆਉਂਦਾ। ਸੱਕੇ ਸਬੰਧੀ , ਮਿੱਤਰ ਵੀ ਨੱਸ ਖੜੇ ਹੁੰਦੇ ਹਨ। ਧਨ ਦੌਲਤ ਵੀ ਸਹਾਇਕ ਨਹੀਂ ਹੁੰਦੀ। ਜਿਸ ਨੂੰ ਮਨੁੱਖ ਆਪਣਾ ਸਮਝ ਰਿਹਾ ਹੈ ਉਹ ਤਾਂ ਆਪਣੇ ਹਿੱਤ ਲਈ ਉਸ ਨਾਲ ਜੁੜ ਕੇ ਖੜਾ ਹ । ਹਿੱਤ ਨਾ ਪੂਰਾ ਹੁੰਦਾ ਦੇਖ ਸਾਰੇ ਆਪਣਾ ਸਬੰਧ ਤੋੜਨ 'ਚ ਖਿਨ ਮਾਤਰ ਵੀ ਵਿਲੰਬ ਨਹੀਂ ਕਰਦੇ। ਇਹ ਮਨੁੱਖੀ ਵਿਵਹਾਰ ਸਭਿਅਤਾ ਦੇ ਵਿਕਾਸ ਕਾਲ ਤੋਂ ਹੀ ਚੱਲਿਆ ਆ ਰਿਹਾ ਹੈ। ਔਰੰਗਜੇਬ ਨੂੰ ਦਿੱਲੀ ਦਾ ਤਖ਼ਤ ਚਾਹੀਦਾ ਸੀ, ਉਸ ਨੇ ਆਪਣੇ ਪਿਤਾ ਨੂੰ ਹੀ ਕੈਦ ਕਰ ਲਿਆ। ਆਪਣੇ ਭਰਾ ਦੀ ਜਾਨ ਦਾ ਦੁਸ਼ਮਨ ਬਣ ਬੈਠਾ। ਔਰੰਗਜੇਬ ਨੇ ਤਾਕਤਵਰ ਫੌਜ ਬਣਾ ਲਈ। ਵੱਡਾ ਰਾਜ ਕਾਇਮ ਕੀਤਾ। ਠੀਕ ਇਸੇ ਕਾਲ ਵਿੱਚ ਆਨੰਦਪੁਰ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿੱਚ ਇੱਕ ਅਦੁੱਤੀ ਰੂਹਾਨੀ ਤਾਕਤ ਦਾ ਉਦੈ ਹੋਇਆ। ਗੁਰੂ ਤੇਗ ਬਹਾਦਰ ਸਾਹਿਬ ਕੋਲ ਕੋਈ ਰਾਜ ਨਹੀਂ ਸੀ, ਫੌਜ ਨਹੀਂ ਸੀ, ਖਜ਼ਾਨਾ ਨਹੀਂ ਸੀ ਪਰ ਨਿਰੋਲ ਆਤਮਕ ਬਲ ਸੀ ਜਿਸ ਅੱਗੇ ਔਰੰਗਜੇਬ ਜਿਹੇ ਤਾਕਤਵਰ ਬਾਦਸ਼ਾਹ ਨੂੰ ਸ਼ਰਮਿੰਦਗੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਗੁਰੂ ਤੇਗ ਬਹਾਦਰ ਜੀ ਸੀਸ ਦੇ ਕੇ ਵੀ ਜਿੱਤ ਗਏ ਕਿਉਂਕਿ ਉਹ ਤਾਂ ਸੀਸ ਦੇਣ ਹੀ ਆਏ ਸਨ। ਔਰੰਗਜੇਬ ਸੀਸ ਲੈ ਕੇ ਵੀ ਹਾਰ ਗਿਆ ਕਿਉਂਕਿ ਉਹ ਗੁਰੂ ਤੇਗ ਬਹਾਦਰ ਸਾਹਿਬ ਦੀ ਸਿਧਾਂਤਕ ਰਾਹ ਨੂੰ ਬਦਲਣ ਵਿੱਚ ਹਰ ਕੋਸ਼ਿਸ਼ ਦੇ ਬਾਵਜੂਦ ਨਾਕਾਮਿਆਬ ਰਿਹਾ। ਰਾਜਾ ਲੋਕਾਂ ਤੇ ਆਪਣੇ ਭੈ ਦੇ ਕਾਰਨ ਹੀ ਰਾਜਾ ਹੁੰਦਾ ਹੈ। ਰਾਜਾ ਦਾ ਭੈ ਹੀ ਨਾ ਰਹੇ ਤਾਂ ਰਾਜ ਦੀ ਕੋਈ ਕੀਮਤ ਨਹੀਂ ਰਹਿੰਦੀ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹੀਦੀ ਦੇ ਕੇ ਉਸ ਔਰੰਗਜੇਬ ਦਾ ਭੈ ਮਿਟਾ ਦਿੱਤਾ ਜਿਸ ਤੋਂ ਪੂਰਾ ਹਿੰਦੁਸਤਾਨ ਕੰਬ ਰਿਹਾ ਸੀ। ਕਸ਼ਮੀਰ ਦੇ ਬ੍ਰਹਮਣ ਤ੍ਰਾਹਿ ਤ੍ਰਾਹਿ ਕਰ ਰਹੇ ਸਨ। ਰਾਜ ਕਦੇ ਟਿਕੇ ਨਹੀਂ ਰਹਿੰਦੇ, ਰਾਜਾ, ਮਹਾਰਾਜਾ ਵੀ ਆਮ ਇਨਸਾਨ ਵਾਂਗੂ ਹੀ ਤੁਰਦੇ ਹੋਏ ਪਰ ਆਤਮਕ ਬਲ ਦਾ ਧਾਰਕ ਸਦਾ ਲਈ ਲੋਕਾਈ ਦੇ ਮਾਨ, ਆਦਰ ਦਾ ਵਿਸ਼ਾ ਬਣ ਜਾਂਦਾ ਹੈ "ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ" , ਉਹ ਲੋਕਾਂ ਦੇ ਮਨ ਵਿੱਚ ਸਦਾ ਜੀਵਤ ਰਹਿੰਦਾ ਹੈ। ਅੱਜ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਇੱਕ ਇੱਕ ਘਟਨਾ ਨੂੰ ਪੁਰਬ ਦੀ ਤਰਹ ਮਨਾਉਣ ਵਾਲੇ ਦੁਨੀਆ ਭਰ ਵਿੱਚ ਮੌਜੂਦ ਹਨ ਪਰ ਔਰੰਗਜੇਬ ਦਾ ਕੋਈ ਨਾਮ ਲੇਵਾ ਵੀ ਨਹੀਂ ਹੈ। ਇਸ ਤੋਂ ਵੱਡੀ ਹਾਰ ਹੋਰ ਕੀ ਹੋ ਸਕਦੀ ਹੈ ਕਿਸੇ ਸਾਕਤ ਦੀ। ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਿਖਰ ਤੇ ਪੁੱਜੇ ਆਤਮਕ ਬਲ ਨੇ ਇਹ ਮੁਮਕਿਨ ਕਰ ਵਿਖਾਇਆ ਕਿ ਧਰਮ ਦੇ ਮਾਰਗ ਤੇ ਚੱਲ ਕੇ ਬਿਖਮ ਤੋਂ ਬਿਖਮ ਸੰਕਟ ਵਿੱਚ ਵੀ ਰਾਹ ਕੱਢੀ ਜਾ ਸਕਦੀ ਹੈ। ਕਸ਼ਮੀਰ ਦੇ ਬ੍ਰਹਮਣ ਹਰ ਤਰਫ ਤੋਂ ਨਿਰਾਸ਼ ਹੋ ਕੇ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਵਿੱਚ ਆਏ ਸਨ। ਗੁਰੂ ਤੇਗ ਬਹਾਦਰ ਜੀ ਕੋਲ ਸ਼ਰਣ ਵਿੱਚ ਆਏ ਦੀਨ, ਦੁਖੀ ਬ੍ਰਾਹਮਣਾਂ ਨੂੰ ਵਿਪਦਾ ਤੋਂ ਬਚਾਉਣ ਦਾ ਉਪਾਇ ਸੀ, ਉਪਾਇ ਨਿਕਲਿਆ ਵੀ ਕਿਉਂਕਿ ਗੁਰੂ ਸਾਹਿਬ ਕੋਲ ਸੱਚਾ ਬਲ ਸੀ ਜੋ ਕਿਸੇ ਵੀ ਬੰਧਨ ਨੂੰ ਤੋੜ ਸਕਦਾ ਸੀ।



ਇੱਕ ਸੱਚਾ ਬਲਵਾਨ ਆਪਣੇ ਬਲ ਬਾਰੇ ਜਾਣਦਾ ਹੈ, ਨਾਲ ਹੀ ਉਸ ਨੂੰ ਦੂਜੇ ਦੇ ਬਲ ਦੀ ਪਛਾਣ ਵੀ ਹੁੰਦੀ ਹੈ। ਗੁਰੂ ਹਰਿਗੋਬਿੰਦ ਜੀ ਨੇ ਜਦੋਂ ਕੀਰਤਪੁਰ ਵਿਚ ਗੁਰੂ ਹਰਿਰਾਇ ਜੀ ਨੂੰ ਗੁਰਤਾ ਗੱਦੀ ਸੌਂਪੀ , ਗੁਰੂ ਤੇਗ ਬਹਾਦਰ ਜੀ ਨੂੰ ਬਕਾਲੇ ਚਲੇ ਜਾਣ ਦਾ ਹੁਕਮ ਦਿੱਤਾ। ਉਸ ਸਮੇਂ ਮਾਤਾ ਨਾਨਕੀ ਜੀ ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਵਚਨ ਕੀਤੇ ਸਨ "ਤੁਮ ਸੁਤ ਨੰਦਨ ਅਮਿਤ ਬਲ ਸਭ ਜਗ ਕਰੈ ਸਹਾਇ"। ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਦੀ ਸਮਰੱਥਾ ਬਾਰੇ ਭਲੀ ਪ੍ਰਕਾਰ ਜਾਣਦੇ ਸਨ। ਉਨ੍ਹਾਂ ਆਪਣੇ ਜੀਵਨ ਕਾਲ ਵਿੱਚ ਹੀ ਭਵਿੱਖ ਵੇਖ ਲਿਆ ਸੀ ਕਿ ਗੁਰੂ ਤੇਗ ਬਹਾਦਰ ਜੀ ਦਾ ਬਲ ਪੂਰੇ ਸੰਸਾਰ ਲਈ ਸਹਾਇਕ ਸਿੱਧ ਹੋਵੇਗਾ। ਇਹ ਸੱਚ ਸਾਬਿਤ ਹੋਇਆ। ਸੰਸਾਰ ਵਿੱਚ ਜਦੋਂ ਵੀ ਮਨੁੱਖੀ ਹਿੱਤਾਂ ਦੀ ਰਾਖੀ ਦੀ ਗੱਲ ਚੱਲਦੀ ਹੈ ਪਹਿਲੀ ਪ੍ਰੇਰਣਾ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਪ੍ਰਾਪਤ ਹੁੰਦੀ ਹੈ। ਪੰਡਿਰ ਕਿਰਪਾ ਰਾਮ ਦੀ ਅਗੁਆਈ ਵਿੱਚ ਤਕਰੀਬਨ ਪੰਜ ਸੌ ਬ੍ਰਾਹਮਣਾਂ ਦਾ ਦਲ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਆਇਆ ਤੇ ਆਪਣੀ ਦੁੱਖਾਂ ਭਰੀ ਬਿਰਥਾ ਸੁਣਾਈ ਕਿ ਕਿਵੇਂ ਉਨ੍ਹਾਂ ਤੇ ਇਸਲਾਮ ਸਵੀਕਾਰ ਕਰਨ ਲਈ ਜ਼ੁਲਮ ਕੀਤੇ ਜਾ ਰਹੇ ਹਨ। ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਹਿੱਤਾਂ ਲਈ ਖੜੇ ਹੋਣ ਨੂੰ ਤਿਆਰ ਹੋ ਗਏ। ਡਾ. ਤਿਰਲੋਚਨ ਸਿੰਘ ਨੇ ਆਪਣੀ ਕਿਤਾਬ ਵਿੱਚ ਹਵਾਲਾ ਦਿੱਤਾ ਹੈ ਕਿ ਬ੍ਰਾਹਮਣਾਂ ਨੇ ਲਾਹੌਰ ਦੇ ਗਵਰਨਰ ਦੇ ਜਰੀਏ ਇੱਕ ਫਰਿਆਦ ਪੱਤਰ ਔਰੰਗਜੇਬ ਨੂੰ ਭੇਜਿਆ ਕਿ ਗੁਰੂ ਤੇਗ ਬਹਾਦਰ ਜੀ ਉਸ ਕੋਲ ਇਸ ਮਸਲੇ ਤੇ ਚਰਚਾ ਲਈ ਆਉਣ ਨੂੰ ਤਿਆਰ ਹਨ। ਜੇ ਬਾਦਸ਼ਾਹ ਗੁਰੂ ਸਾਹਿਬ ਨੂੰ ਇਸਲਾਮ ਸਵੀਕਾਰ ਕਰਨ ਲਈ ਸਹਿਮਤ ਕਰ ਲੈਂਦਾ ਹੈ ਤਾਂ ਹਿੰਦੁਸਤਾਨ ਦੇ ਸਾਰੇ ਹਿੰਦੂ ਇਸਲਾਮ ਧਰਮ ਸਵੀਕਾਰ ਕਰ ਲੈਣਗੇ। ਜੇ ਗੁਰੂ ਸਾਹਿਬ ਨੂੰ ਸਹਿਮਤ ਕਰਨ 'ਚ ਕਾਮਿਆਬ ਨਹੀਂ ਹੁੰਦਾ ਤਾਂ ਸਾਡੇ ਤੇ ਹੋ ਰਿਹਾ ਜ਼ੁਲਮ, ਜਬਰ ਰੋਕਣਾ ਪਵੇਗਾ ਅਤੇ ਸਾਨੂੰ ਧਾਰਮਿਕ ਆਜ਼ਾਦੀ ਦੇਣੀ ਪਵੇਗੀ। ਇਸ ਤਰਹ ਵੱਡੀ ਜੰਗ ਦਾ ਮੈਦਾਨ ਸਜਾ ਦਿੱਤਾ ਗਿਆ ਜਿਸ ਦੇ ਇੱਕ ਪਾਸੇ ਔਰੰਗਜੇਬ ਦੀ ਪੂਰੀ ਤਾਕਤ ਤੇ ਦੂਜੇ ਪਾਸੇ ਇਕੱਲੇ ਗੁਰੂ ਤੇਗ ਬਹਾਦਰ ਜੀ ਸਨ। ਜੰਗ ਵੀ ਔਰੰਗਜੇਬ ਦੀ ਸੀ, ਜੰਗ ਦਾ ਮੈਦਾਨ ਵੀ ਔਰੰਗਜੇਬ ਦਾ ਸੀ ਪਰ ਜੰਗ ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਸ਼ਰਤਾਂ ਤੇ ਲੜੀ ਅਤੇ ਜਿੱਤੀ ਵੀ ਗੁਰੂ ਤੇਗ ਬਹਾਦਰ ਜੀ ਜਾਣਦੇ ਸਨ ਕਿ ਭਵਿੱਖ ਵਿੱਚ ਕੀ ਹੋਣ ਵਾਲਾ ਹੈ, ਇਸ ਕਾਰਨ ਔਰੰਗਜੇਬ ਦੇ ਪ੍ਰਤੀਕਰਮ ਦੀ ਉਡੀਕ ਕੀਤੇ ਬਿਨਾ ਹੀ ਦਿੱਲੀ ਵੱਲ ਯਾਤਰਾ ਆਰੰਭ ਕਰ ਦਿੱਤੀ। ਆਨੰਦਪੁਰ ਸਾਹਿਬ ਵਿੱਚ ਸਾਰੇ ਪ੍ਰਬੰਧ ਕਰਨ ਤੋਂ ਬਾਅਦ ਹੀ ਗੁਰੂ ਸਾਹਿਬ ਨੇ ਚਾਲੇ ਪਾਏ ਸਨ। ਇਸ ਤੋਂ ਅਹਿਸਾਸ ਹੁੰਦਾ ਹੈ ਕਿ ਆਪਣੀ ਸ਼ਹੀਦੀ ਦੀ ਕਥਾ ਗੁਰੂ ਸਾਹਿਬ ਨੇ ਬੜੇ ਇਤਮਿਨਾਨ ਨਾਲ ਸੋਚ ਵਿਚਾਰ ਕੇ ਆਪ ਲਿਖੀ ਸੀ। ਗੁਰੂ ਤੇਗ ਬਹਾਦਰ ਸਾਹਿਬ ਰਾਹ ਵਿੱਚ ਸੰਗਤਾਂ ਨੂੰ ਦਰਸ਼ਨ, ਉਪਦੇਸ਼ ਦਿੰਦੇ ਚੱਲੇ। ਜਦੋਂ ਗਿਆਤ ਹੋਇਆ ਕਿ ਔਰੰਗਜੇਬ ਆਗਰਾ ਆਇਆ ਹੋਇਆ ਹੈ ਤਾਂ ਗੁਰੂ ਸਾਹਿਬ ਆਗਰੇ ਵੱਲ ਤੁਰ ਪਏ। ਆਗਰੇ ਪੁੱਜੇ ਤਾਂ ਪਤਾ ਲੱਗਾ ਕਿ ਔਰੰਗਜੇਬ ਦਿੱਲੀ ਚਲਾ ਗਿਆ ਹੈ। ਔਰੰਗਜੇਬ ਦੇ ਹੁਕਮ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ਗਿਰਫ਼ਤਾਰ ਕਰ ਕੇ ਆਗਰੇ ਤੋਂ ਦਿੱਲੀ ਲਿਆਂਦਾ ਗਿਆ। ਦਿੱਲੀ ਵਿੱਚ ਪਹਿਲਾਂ ਆਦਰ ਪੂਰਨ ਵਿਵਹਾਰ ਕੀਤਾ ਗਿਆ। ਔਰੰਗਜੇਬ ਨਾਲ ਗੁਰੂ ਸਾਹਿਬ ਦਾ ਸੰਵਾਦ ਹੋਇਆ। ਲੋਭ ਦਿੱਤੇ ਗਏ ਡਰਾਉਣ ਦਾ ਜਤਨ ਕੀਤਾ ਗਿਆ ਕਿ ਗੁਰੂ ਸਾਹਿਬ ਇਸਲਾਮ ਸਵੀਕਾਰ ਕਰ ਲੈਣ। ਪਰ ਗੁਰੂ ਸਾਹਿਬ ਅਡੋਲ ਰਹੇ। ਖਿੱਝ ਕੇ ਗੁਰੂ ਤੇਗ ਬਹਾਦਰ ਜੀ ਅਤੇ ਸਿੱਖਾਂ ਨੂੰ ਚਾਂਦਨੀ ਚੌਕ ਦੀ ਕੋਤਵਾਲੀ ਵਿੱਚ ਕੈਦ ਕਰ ਦਿੱਤਾ ਗਿਆ। ਔਰੰਗਜੇਬ ਨੇ ਸ਼ਹੀਦੀ ਦੇ ਹੁਕਮ ਦੇ ਦਿੱਤੇ। ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ। ਜਿਸ ਦਾ ਵੱਖ ਘਟਨਾ ਕ੍ਰਮ ਹੈ। ਧਿਆਨ ਦੇਣ ਜੋਗ ਗੱਲ ਇਹ ਹੈ ਕਿ ਸਿੱਖਾਂ ਨੇ ਵੀ ਔਰੰਗਜੇਬ ਦਾ ਕੋਈ ਖੌਫ ਨਹੀਂ ਖਾਧਾ। ਗੁਰੂ ਸਾਹਿਬ ਨੂੰ ਜਦੋਂ ਚਾਂਦਨੀ ਚੌਕ ਕੋਤਵਾਲੀ ਵਿੱਚ ਰੱਖਿਆ ਗਿਆ ਸੀ ਤੇ ਦਬਾਅ ਪਾਏ ਜਾ ਰਹੇ ਸਨ ਤਾਂ ਸਿੱਖਾਂ ਨੇ ਡਰ ਜਾਣ ਦੀ ਥਾਂ ਹਿੰਮਤ ਵਿਖਾਈ ਤੇ ਕਈ ਤਜਵੀਜ਼ਾਂ ਗੁਰੂ ਸਾਹਿਬ ਨੂੰ ਕੈਦ ਤੋਂ ਬਾਹਰ ਲਿਆਉਣ ਦੀਆਂ ਕੀਤੀਆਂ।ਜਿਸ ਦਾ ਗੁਰੂ ਨਿਡਰ ਹੋਵੇ ਉਹ ਭਲਾ ਕਿਵੇਂ ਕਾਇਰ ਹੋ ਸਕਦਾ ਹੈ। ਜਿਸ ਤਰਹ ਦੇ


ਡਾ. ਸਤਿੰਦਰ ਪਾਲ ਸਿੰਘ
ਦਿ ਪਾਂਡਸ
ਸਿਡਨੀ ਆਸਟ੍ਰੇਲੀਆ
akaalpurkh.7@gmail.com

ਇਤਿਹਾਸਕ ਹਵਾਲੇ ਉਪਲਬੱਧ ਹਨ, ਸਿੱਖ ਬੇਖੌਫ ਨਜਰ ਆਏ ਪਰ ਸਿਆਣਪ ਨਾਲ ਸਥਿਤੀਆਂ ਦਾ ਸਾਹਮਣਾ ਕੀਤਾ। ਭਾਈ ਜੈਤਾ ਜੀ, ਜਿਨ੍ਹਾਂ ਨੇ ਗੁਰੂ ਸਾਹਿਬ ਦਾ ਪਾਵਨ ਸੀਸ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੱਕ ਪੁਜਾਇਆ ਸੀ, ਦਿੱਲੀ ਦੇ ਹੀ ਰਹਿਣ ਵਾਲੇ ਸਨ। ਪ੍ਰਿੰਸਿਪਲ ਸਤਬੀਰ ਸਿੰਘ ਨੇ ਲਿਖਿਆ ਹੈ ਕਿ ਭਾਈ ਜੈਤਾ ਜੀ ਦੇ ਘਰ ਦੇ ਨਿਕਟ ਹੀ ਭਾਈ ਨਨੂਆ ਜੀ ਦਾ ਘਰ ਸੀ ਜਿੱਥੇ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸਿੱਖ ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ ਟਿਕੇ ਹੋਏ ਸਨ। ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਨੇ ਪਹਿਲਾਂ ਹੀ ਤਿਆਰੀ ਕਰ ਲਈ ਸੀ ਕਿ ਸ਼ਹੀਦੀ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਦੀ ਦੇਹ ਦੀ ਸੰਭਾਲ ਕਿਵੇਂ ਕਰਨੀਹੈ। ਇਹ ਤਿਆਰਿਆਂ ਸਿੱਖ ਚੇਤਨਾ ਤੇ ਸਿਦਕ ਦਾ ਪ੍ਰਤੀਕ ਸਨ ਜੋ ਔਰੰਗਜੇਬ ਦੇ ਰਾਜ ਦੇ ਕਾਲੇ ਦੌਰ ਵਿੱਚ ਵੀ ਪੂਰਨ ਜੀਵੰਤ ਸੀ। ਗੁਰੂ ਸਾਹਿਬ ਦਾ ਸੀਸ ਪ੍ਰਾਪਤ ਕਰਨ ਲਈ ਸਲਾਹ ਬਣੀ ਕਿ ਮੁਗਲਾਂ ਨੂੰ ਭੁਲੇਖਾ ਪਾਇਆ ਜਾਵੇ। ਇੱਕ ਸੀਸ ਰੱਖ ਕੇ ਗੁਰੂ ਸਾਹਿਬ ਦਾ ਸੀਸ ਚੁੱਕ ਲਿਆ ਜਾਵੇ। ਜਦੋਂ ਤੱਕ ਮੁਗਲਾਮ ਨੂੰ ਹਕੀਕਤ ਦਾ ਪਤਾ ਲੱਗੇਗਾ, ਭਾਈ ਜੈਤਾ ਜੀ ਸੀਸ ਲੈ ਕੇ ਦੂਰ ਤੱਕ ਜਾ ਚੁਕੇ ਹੋਣਗੇ। ਇਸ ਲਈ ਭਾਈ ਜੈਤਾ ਜੀ ਦੇ ਪਿਤਾ ਭਾਈ ਆਗਿਆ ਰਾਮ ਨੇ ਆਪਣਾ ਸੀਸ ਦੇਣ ਦੀ ਤਜਵੀਜ ਕੀਤੀ। ਇਹ ਵੀ ਗੁਰੂ ਨੂੰ ਸਮਰਪਿਤ ਇੱਕ ਮਹਾਨ ਬਲਿਦਾਨ ਸੀ। ਇਵੇਂ ਹੀ ਹੋਇਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਚਨ ਚੇਤ ਭਾਰੀ ਝੱਖੜ ਝੁੱਲ ਪਿਆ। ਇਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਆਪਣੀ ਹੀ ਪਿਤਾ ਦਾ ਸੀਸ ਕੱਟ ਕੇ ਚਾਂਦਨੀ ਚੌਕ ਵਿੱਚ ਸੁੱਟ ਦਿੱਤਾ ਤੇ ਗੁਰੂ ਸਾਹਿਬ ਦਾ ਸੀਸ ਚੁੱਕ ਕੇ ਆਪਣੀ ਸਾਥੀਆਂ ਭਾਈ ਨਨੂਆ ਜੀ ਤੇ ਭਾਈ ਅੱਡਾ ਜੀ ਨਾਲ ਅਨੰਦਪੁਰ ਸਾਹਿਬ ਵੱਲ ਤੁਰ ਪਏ। ਭਾਈ ਜੈਤਾ ਜੀ ਦੇ ਪੰਜਵੇਂ ਦਿਨ ਕੀਰਤਪੁਰ ਪੁੱਜਣ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਾਚਾਰ ਪ੍ਰਾਪਤ ਹੋਇਆ ਤਾਂ ਗੁਰੂ ਸਾਹਿਬ ਆਏ ਤੇ ਭਾਈ ਜੈਤਾ ਜੀ ਨੂੰ ਗਲੇ ਲਾ ਕੇ ਕਿਹਾ ਸੀ "ਰੰਗਰੇਟੇ ਗੁਰੂ ਕੇ ਬੇਟੇ"। ਗੁਰੂ ਤੇਗ ਬਹਾਦਰ ਜੀ ਦਾ ਸੀਸ ਅੰਤਮ ਸੰਸਕਾਰ ਲਈ ਆਨੰਦਪੁਰ ਸਾਹਿਬ ਲਿਆਂਦਾ ਗਿਆ। ਬੇਅੰਤ ਸੰਗਤਾਂ ਨਾਲ ਸ਼ਬਦ ਕੀਰਤਨ ਕਰਦਿਆਂ ਚੱਲ ਰਹਿਆਂ ਸਨ। ਨੌ ਸਾਲ ਦੇ ਗੁਰੂ ਗੋਬਿੰਦ ਸਿੰਘ ਜੀ ਪੂਰਨ ਸਹਿਜ ਸਨ। ਮਾਤਾ ਗੁਜਰੀ ਜੀ ਪੂਰਨ ਅਡੋਲ ਸਨ ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਦਰਸ਼ਨ ਕਰਨ ਤੋਂ ਬਾਅਦ ਵਚਨ ਕੀਤਾ ਕਿ ਤੁਹਾਡੀ ਤਾਂ ਨਿਭ ਗਈ ਮੇਰੀ ਵੀ ਨਿਭ ਆਵੇ। ਮਾਤਾ ਗੁਜਰੀ ਜੀ ਦੇ ਇਹ ਵਚਨ ਪੂਰੀ ਸਿੱਖ ਕੌਮ ਦੇ ਵਚਨ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪੂਰੀ ਸਿੱਖ ਕੌਮ ਨੂੰ ਮਾਣ ਨਾਲ ਭਰ ਦਿੱਤਾ ਤੇ ਉਨ੍ਹਾਂ ਦੀ ਰਾਹ ਤੇ ਹੀ ਚੱਲ ਕੇ ਧਰਮ ਲਈ ਕੁਰਬਾਨੀਆਂ ਦੇਣ ਦਾ ਅਟੁੱਟ ਜਜਬਾ ਪੈਦਾ ਕੀਤਾ।

ਉੱਧਰ ਭਾਈ ਲੱਖੀ ਸ਼ਾਹ ਨੇ ਸ਼ਾਹੀ ਠੇਕੇਦਾਰ ਹੋਣ ਦਾ ਲਾਭ ਉਠਾਇਆ ਤੇ ਆਪਣੇ ਗੱਡੇ ਲੈ ਕੇ ਚਾਂਦਨੀ ਚੌਕ ਪੁੱਜ ਗਏ। ਭਾਰੀ ਤੂਫ਼ਾਨ ਕਾਰਨ ਗੁਰੂ ਸਾਹਿਬ ਦੇ ਧੜ ਦੀ ਰਾਖੀ ਕਰ ਰਹੇ ਮੁਗਲ ਸਿਪਾਹੀ ਪਿੱਛੇ ਹੱਟ ਗਏ ਸਨ। ਭਾਈ ਗੁਰਦਿੱਤਾ ਜੀ ਨੇ ਭਾਈ ਲੱਖੀ ਸ਼ਾਹ ਤੇ ਉਸ ਦੇ ਪੁੱਤਰਾਂ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਜੀ ਦਾ ਧੜ ਚੁੱਕ ਕੇ ਰੂੰ ਦੇ ਗੱਡੇ ਵਿਚ ਲਿਟਾ ਦਿੱਤਾ। ਉੱਪਰ ਵੀ ਰੂੰ ਨਾਲ ਢੱਕ ਕੇ ਰਕਾਬਗੰਜ ਵੱਲ ਫੁਰਤੀ ਨਾਲ ਤੁਰ ਪਏ। ਕਈ ਗੱਡੇ ਇੱਕ ਨਾਲ ਚੱਲ ਰਹੇ ਸਨ। ਰਕਾਬਗੰਜ ਪੁੱਜਦੀਆਂ ਅੱਧੀ ਰਾਤ ਹੋ ਗਈ। ਭਾਈ ਲੱਖੀ ਸ਼ਾਹ ਨੇ ਆਪਣੇ ਘਰ ਦੇ ਅੰਦਰ ਹੀ ਘਰ ਦਾ ਸਮਾਨ ਰੱਖ ਕੇ ਚਿਤਾ ਬਣਾ ਦਿੱਤੀ ਤੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕਰ ਦਿੱਤਾ। ਉਸ ਨੇ ਅਸਥੀਆਂ ਇੱਕ ਗਾਗਰ ਵਿੱਚ ਰੱਖ ਕੇ ਘਰ ਦੇ ਅੰਦਰ ਹੀ ਦਬਾ ਦਿੱਤੀਆਂ।ਇਹ ਹਿੰਮਤ ਭਰਿਆ ਕਾਰਜ ਸੀ ਜਿਸ ਵਿੱਚ ਸੂਝਬੂਝ ਸ਼ਾਮਿਲ ਸੀ। ਧਰਮ ਦੀ ਰਾਖੀ ਲਈ ਹਿੰਮਤ ਵੀ ਚਾਹੀਦੀ ਹੈ ਤੇ ਸੂਝਬੂਝ ਵੀ। ਇਹ ਸਾਰਾ ਕੁੱਝ ਔਰੰਗਜੇਬ ਦੀ ਨੱਕ ਦੇ ਹੇਠਾਂ ਹੋਇਆ।

ਔਰੰਗਜੇਬ ਸਮਝਦਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖਾਂ ਦਾ ਮਨੋਬਲ ਤੋੜ ਦੇਵੇਗੀ ਤੇ ਹਿੰਦੂਆਂ ਦਾ ਵਿਰੋਧ ਵੀ ਸ਼ਾਂਤ ਹੋ ਜਾਏਗਾ। ਪਰ ਇਹ ਨਾਂ ਹੋਇਆ। ਗੁਰੂ ਤੇਗ ਬਹਾਦਰ ਜੀ ਤਾਂ ਆਪਣੇ ਜੀਵਨ ਕਾਲ ਵਿੱਚ ਹੀ ਵਚਨ ਕਰ ਗਏ ਸਨ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"। ਗੁਰੂ ਨਾਨਕ ਸਾਹਿਬ ਦਾ ਸਿੱਖ ਤਾਂ ਸਿਰ ਤਲੀ ਤੇ ਰੱਖ ਕੇ ਚੱਲਣ ਵਾਲਾ ਸਿੱਖ ਹੈ। ਸਿਰਫ ਪਰਮਾਤਮਾ ਦੇ ਭੈ ਵਿੱਚ ਰਹਿਣ ਕਾਰਨ ਉਸ ਦੇ ਸਾਰੇ ਭੈ ਮਿਟ ਜਾਂਦੇ ਹਨ। ਇਹ ਨਿਡਰਤਾ ਹੀ ਉਸ ਦੇ ਸਿਦਕ ਦਾ ਅਧਾਰ ਬਣਦੀ ਹੈ। ਸਿੱਖ ਦਾ ਸਿਦਕ ਜਦੋਂ ਪ੍ਰਗਟ ਹੁੰਦਾ ਹੈ ਪੂਰਾ ਮਨੁੱਖੀ ਸਮਾਜ ਉਸ ਤੋਂ ਪ੍ਰਭਾਵਿਤ ਹੁੰਦਾ ਹੈ। ਖਿਮਨਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਚਾਂਦਨੀ ਚੌਕ ਦੇ ਕੋਤਵਾਲ ਅਬਦੁੱਲਾ ਨੇ ਨੌਕਰੀ ਛੱਡ ਦਿੱਤੀ ਸੀ ਤੇ ਆਨੰਦਪੁਰ ਸਾਹਿਬ ਚਲਾ ਗਿਆ ਸੀ। ਜਿਸ ਕਾਜੀ ਨੇ ਫਤਵਾ ਦਿੱਤਾ ਸੀ ਪੰਦ੍ਹ ਦਿਨ ਬਾਅਦ ਹੀ ਉਸ ਦੀ ਮੌਤ ਹੋ ਗਈ। ਦਿੱਲੀ ਦੇ ਅੰਦਰ ਖੁਦ ਔਰੰਗਜੇਬ ਨੂੰ ਸਿੱਖਾਂ ਦੇ ਸਿੱਧੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਜਾਮਾ ਮਸਜਿਦ ਵਿੱਚ ਨਮਾਜ ਪੜ੍ਹ ਕੇ ਪਰਤ ਰਿਹਾ ਸੀ ਤਾਂ ਇੱਕ ਸਿੱਖ ਨੇ ਉਸ ਤੇ ਹੰਮਲਾ ਕਰ ਦੋ ਇੱਟਾਂ ਸੁੱਟਿਆਂ। ਇਹ ਘਟਨਾ ਮੁਸਲਿਮ ਦਸਤਾਵੇਜਾਂ ਵਿੱਚ ਦਰਜ ਹੈ। ਘਟਨਾ ਦੀ ਤਿਥੀ ੩੦ ਅਕਤੂਬਰ ੧੬੭੬ ਲਿਖੀ ਗਈ ਹੈ। ਸਿੱਧੇ ਬਾਦਸ਼ਾਹ ਨਾਲ ਟਕਰਾ ਜਾਣਾ ਇੱਕ ਵੱਡੀ ਘਟਨਾ ਸੀ। ਇੱਕ ਦੂਜੀ ਘਟਨਾ ਦਾ ਜਿਕਰ ਹੈ ਕਿ ਜਦੋਂ ਬਾਦਸ਼ਾਹ ਦੀ ਸਵਾਰੀ ਚਾਂਦਨੀ ਚੌਕ ਤੋਂ ਲੰਘ ਰਹੀ ਸੀ ਤਾਂ ਇੱਕ ਨੇ ਦੂਰੋਂ ਸੋਟੀ ਮਾਰ ਸੁੱਟੀ। ਹੋਰ ਘਟਨਾ ਹੈ ਕਿ ਜਦੋਂ ਉਹ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਇੱਕ ਸਿੱਖ ਨੇ ਤਲਵਾਰ ਨਾਲ ਵਾਰ ਕੀਤਾ ਸੀ। ਇਸ ਵਾਰ ਨਾਲ ਔਰੰਗਜੇਬ ਦੇ ਸਿਪਾਹਸਾਲਾਰ ਮੁਕੱਰਮ ਖਾਨ ਦੀ ਉਂਗਲੀ ਕੱਟੀ ਗਈ ਸੀ। ਘਟਨਾਵਾਂ ਨਿੱਕਿਆਂ ਨਿੱਕਿਆਂ ਸਨ ਮਜਬੂਤ ਇਰਾਦੇ ਪ੍ਰਗਟ ਕਰਨ ਵਾਲੀਆਂ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖਾਂ ਅੰਦਰ ਤਿਆਗ, ਬਲਿਦਾਨ ਦੀ ਜਬਰਦਸਤ ਭਾਵਨਾ ਪੈਦਾ ਕੀਤੀ। ਇਸ ਭਾਵਨਾ ਨੂੰ ਸੱਚੇ ਬਲ ਵਿੱਚ ਬਦਲਣ ਦਾ ਮਹਾਨ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ।

ਸਿੱਖਾਂ ਨੂੰ ਆਪਣੇ ਸਿੱਖ ਹੋਣ ਤੇ ਮਾਣ ਮਹਿਸੂਸ ਹੋਵੇ ਅਤੇ ਉਹ ਹਰ ਸਥਿਤੀ ਵਿੱਚ ਗੁਰੂ ਦਾ ਸਿੱਖ ਅਖਵਾਉਣ ਜੋਗ ਸਾਬਿਤ ਹੋਣ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਪੱਖੀ ਕਦਮ ਚੁੱਕੇ। ਸਿੱਖਾਂ ਨੂੰ ਵਿਦਿਅਕ ਤੌਰ ਤੇ ਸਮਰੱਥ ਬਣਾਇਆ, ਬਾਣੀ ਨਾਲ ਜੋੜਿਆ, ਢਾਢੀ ਦੀਆਂ ਵਾਰਾਂ ਰਾਹੀਂ ਬੁਲਾ ਕੇ ਵੀਰ ਰਸ ਦਾ ਭਾਵ ਭਰਿਆ, ਸ਼ਰੀਰਕ ਕਸਰਤਾਂ ਤੇ ਛਦਮ ਜੁੱਧ ਕਰਾਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਦਰਬਾਰ ਸ਼ਾਹੀ ਅੰਦਾਜ ਵਿੱਚ ਸਜਾਇਆ। ਦਰਬਾਰ ਵਿੱਚ ਬੈਠਣ ਲਈ ਉੱਚਾ ਸਿੰਹਾਸਨ ਸੀ। ਜੋਸ਼ ਭਰਨ ਲਈ ਰਣਜੀਤ ਨਗਾਰਾ ਤਿਆਰ ਕਰਾਇਆ। ਆਨੰਦਪੁਰ ਸਾਹਿਬ ਨੂੰ ਕਿਲੇ ਉਸਾਰ ਕੇ ਸੁਰੱਖਿਅਤ ਕੀਤਾ। ਲੰਮੀ ਤਿਆਰੀ ਤੋਂ ਬਾਅਦ ਸੰਨ 1699 ਦੀ ਵਿਸਾਖੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਇਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸੱਭ ਤੋਂ ਨਿੱਘਾ ਨਮਨ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਨੁੱਖੀ ਹੱਕਾਂ ਨੂੰ ਸਮਰਪਿਤ ਸੀ। ਖਾਲਸਾ ਦੀ ਸਾਜਨਾ ਉਸ ਮਿਸ਼ਨ ਨੂੰ ਅਗਾਂਹ ਵਧਾਉਣ ਲਈ ਹੋਈ। ਅੱਜ ਵੀ ਖਾਲਸਾ ਸਦਾ ਮਨੁੱਖੀ ਹਿੱਤਾਂ ਲਈ ਖੜਾ ਨਜਰ ਆਉਂਦਾ ਹੈ ਤਾਂ ਇਸ ਦੀ ਪਿਛੋਕੜ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਪ੍ਰੇਰਨਾ ਜੀਵੰਤ ਹੁੰਦੀ ਹੈ। ਖਾਲਸਾ ਨੇ ਔਰੰਗਜੇਬ ਦੇ ਉਸ ਜਾਲਮ ਰਾਜ ਨੂੰ ਪੁੱਟ ਸੁੱਟਿਆ ਜਿਸ ਤੋਂ ਹਵਾ ਵੇ ਸਹਿਮ ਕੇ ਚੱਲਦੀ ਸੀ। ਸੱਚ ਦਾ ਬਲ ਥੱਕਦਾ ਨਹੀਂ, ਹਾਰਦਾ ਨਹੀਂ, ਚੁੱਪ ਨਹੀਂ ਬਹਿੰਦਾ, ਸਗੋਂ ਸਮੇਂ ਤੇ ਬੋਲਦਾ ਹੈ, ਖੜਦਾ ਹੈ, ਡੱਟਦਾ ਹੈ ਤੇ ਜਿੱਤਦਾ ਹੈ। ਸੱਚ ਸਦਾ ਜਿੱਤਣ ਲਈ ਹੀ ਹੈ।


ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ ॥
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥
ਧਰਮ ਦੇ ਰਾਖੇ ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿਨ ਕੋਟਿ ਪ੍ਰਣਾਮ
ਦਹਾਕਿਆਂ ਤੋਂ ਪੰਥ ਦੀ ਸੇਵਾ ਕਰਦੇ ਆ ਰਹੇ ਬਿਜਨਿਸਮੈਨ,
ਸਿੱਖ ਆਗੂ ਅਤੇ ਗੁਰਦੂਆਰਾ ਸਾਹਿਬ ਫਰੀਮਾਂਟ ਦੇ ਖਜ਼ਾਨਚੀ
ਸ. ਭੁਪਿੰਦਰ ਸਿੰਘ ਪਰਮਾਰ




ਕੌਮ ਦੇ ਨਿਸ਼ਕਾਮ ਸੇਵਕ ਪੰਥ ਦਰਦੀ, ਹਰ ਇਕ ਕੌਮੀ ਕੰਮ ਨੂੰ ਪਹਿਲ ਦੇ ਆਧਾਰ ਉਪਰ ਕਰਨ ਵਾਲੇ ਨਿੱਘੇ ਸੁਭਾਅ ਦੇ ਮਾਲਕ, ਸਿੱਖ ਯੂਥ ਆਫ਼ ਅਮਰੀਕਾ ਦੇ ਬੇ-ਏਰੀਆ ਦੇ ਪ੍ਰਧਾਨ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਦੇ ਜਨਰਲ ਸੈਕਟਰ ਅਤੇ Bay Star Trucking ਦੇ ਮਾਲਕ

## ਸ੍ਰ. ਨਿਰਪਾਲ ਸਿੰਘ ਮੁਛਿਆਨਾ ਅਤੇ ਉਨ੍ਹਾਂ ਦੇ ਵੱਡੇ ਵੀਰ ਸ੍ਰ. ਸੁਖਵਿੰਦਰ ਸਿੰਘ ਮੁਛਿਆਨਾ

# ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਕੋਟਿ ਕੋਟਿ ਪ੍ਰਣਾਮ

## ਕੈਲੀਫੋਰਨੀਆ ਤੋਂ 'ਸਾਡੇ ਲੋਕ' ਅਖ਼ਬਾਰ ਦਾ ਇੰਡੀਆ ਤੋਂ ਵਿਸ਼ੇਸ਼ ਸਪਲੀਮੈਂਟ





ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵਲੋਂ ਕੋਟਿਨ-ਕੋਟਿ ਪ੍ਰਣਾਮ

ਭਗਵੰਤ ਸਿੰਘ ਮਾਨ
ਮੁੱਖ ਮੰਤਰੀ ਪੰਜਾਬ

ਜਸਵੀਰ ਸਿੰਘ ਰਾਜਾ
ਮੀਤ ਪ੍ਰਧਾਨ ਪੰਜਾਬ
ਐਮਐਲਏ ਉੜਮੁੜ ਟਾਂਡਾ

ਮੰਜੂ ਬਾਲਾ
ਐਮ.ਸੀ. ਵਾਰਡ ਨੰ. 5

ਸੋਨੂੰ ਖੰਨਾ
ਯੂਥ ਆਗੂ ਆਪ

ਜਸਵਿੰਦਰ ਸਿੰਘ ਜੱਸੀ
ਯੂਥ ਆਗੂ ਆਪ

ਅਰਵਿੰਦ ਕੇਜਰੀਵਾਲ
ਕਨਵੀਨਰ ਆਪ

ਭਗਵੰਤ ਸਿੰਘ ਮਾਨ
ਮੁੱਖ ਮੰਤਰੀ ਪੰਜਾਬ

ਮਨੀਸ਼ ਸਿਸੋਦੀਆ
ਇੰਚਾਰਜ 'ਆਪ' ਪੰਜਾਬ

ਅਮਨ ਅਰੋੜਾ
ਪੰਜਾਬ ਪ੍ਰਧਾਨ

ਡਾ. ਰਵਜੋਤ
ਕੈਬਨਿਟ ਮੰਤਰੀ

ਕੇਸ਼ਵ ਸਿੰਘ ਸੈਣੀ
'ਆਪ' ਸੰਗਠਨ
ਇੰਚਾਰਜ ਟਾਂਡਾ

ਗੁਰਬਿੰਦਰ ਸਿੰਘ ਪਾਬਲਾ
ਚੇਅਰਮੈਨ ਇੰਪਰੂਵਮੈਂਟ
ਟਰੱਸਟ ਹੁਸ਼ਿਆਰਪੁਰ

ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵਲੋਂ ਕੋਟਿਨ-ਕੋਟਿ ਪ੍ਰਣਾਮ

ਜਸਵੀਰ ਸਿੰਘ ਰਾਜਾ
ਐਮ ਐੱਲ ਏ ਟਾਂਡਾ



RAIKHY HARBANS HOSPITAL
ਰੇਖੀ ਹਰਬੰਸ ਹਸਪਤਾਲ

Miani Road, Near Jiwan Palace, TANDA, Distt. Hoshiarpur (Pb.)

ਡਾ. ਸ਼ਿਵ ਰਾਜ ਰੇਖੀ — ਮਿਲਣ ਦਾ ਸਮਾਂ: Monday to Saturday 10:00 am to 2:00 pm
MBBS, MS, PCMS (Ex.)
Ex. SMO, Senior Eye Surgeon
ਅੱਖਾਂ ਦੇ ਰੋਗਾਂ ਦੇ ਮਾਹਿਰ

ਡਾ. ਆਭਾ ਰੇਖੀ — ਮਿਲਣ ਦਾ ਸਮਾਂ: Monday to Saturday 10:00 am to 2:00 pm
MBBS, Obs. & Gyane
PCMS (Ex.)
ਇਸਤਰੀ ਰੋਗਾਂ ਦੇ ਮਾਹਿਰ

ਡਾ. ਅੰਕਿਤ ਰੇਖੀ — ਮਿਲਣ ਦਾ ਸਮਾਂ: DAILY 9:00 am to 2:00 pm
MBBS, MS (DMC Ldh.)
FNB (Laparoscopic, Laser & Braiatric Surgery)
Ex. Consultant Max Saket New Delhi

ਡਾ. ਦੀਪੇਸ਼ ਥਾਂਮਥਾਹ — ਮਿਲਣ ਦਾ ਸਮਾਂ: Every Saturday 2:00 pm to 4:30 pm
MBBS, MS (ENT)
Allergy Specialist
ਨੱਕ, ਕੰਨ ਅਤੇ ਗਲੇ ਦੇ ਮਾਹਿਰ

ਡਾ. ਪ੍ਰਮੋਦ ਮਹਿੰਦਰ — ਮਿਲਣ ਦਾ ਸਮਾਂ: Wednesday & Saturday 12:00 noon to 2:00 pm
MBBS, MS (Ortho)
Joint & Trauma Surgeon
Ex. Consultant: R&R Hospital Delhi
ਹੱਡੀਆਂ ਦੇ ਰੋਗਾਂ ਦੇ ਮਾਹਿਰ

ਡਾ. ਹਰਪ੍ਰੀਤ ਸਿੰਘ — ਮਿਲਣ ਦਾ ਸਮਾਂ: Every Monday 2:00 pm to 5:00 pm
MBBS, DCH, MD (PAED)
Child Spl. & Neonatologist
Fellowship Neonatology (IAP)
ਬੱਚਿਆਂ ਦੇ ਰੋਗਾਂ ਦੇ ਮਾਹਿਰ

ਡਾ. ਰਜਿੰਦਰ ਕੌਰ — ਮਿਲਣ ਦਾ ਸਮਾਂ: Every Thursday & Sunday 2:00 pm to 5:00 pm
B.H.M.S.
Homeopathic Consultant

ਡਾ. ਸੰਦਲਪ੍ਰੀਤ ਕੌਰ — ਮਿਲਣ ਦਾ ਸਮਾਂ: Every Day 8:00 pm to 4:00 pm
BAMS, PGDCC
E.M.O.

ਡਾ. ਰਾਹੁਲ ਕੁਮਾਰ — ਮਿਲਣ ਦਾ ਸਮਾਂ: Every Wednesday 5:00 pm to 7:00 pm, Every Sunday 10:00 am to 12:00 noon
MBBS, MD (MED.) PGI
Medical & Heart Specialist
ਜਨਰਲ ਮੈਡੀਸਨ
ਅਤੇ ਸ਼ੂਗਰ ਦੇ ਮਾਹਿਰ

ਮਿਆਣੀ ਰੋਡ, ਨੇੜੇ ਜੀਵਨ ਪੈਲੇਸ, ਟਾਂਡਾ ਉੜਮੁੜ, ਜ਼ਿਲ੍ਹਾ ਹੁਸ਼ਿਆਰਪੁਰ
Helpline: 01886510232
Mob.: +91 87288 31010

MIANI ROAD, NEAR JIWAN PALACE, TANDA (PUNJAB)

DR. ANKIT RAIKHY
M.B.B.S; M.S (DMC & H Ludhiana), FNB Bariatric & Advance Laparoscopic Surgeon Consultant Oxford Hospital, Jalandhar
Ex. Consultant Max Hospital, New Delhi

BOOK YOUR APPOINTMENT
01886-510232, 87288-31010

VISIT US AT MIANI ROAD, NEAR JIWAN PALACE, TANDA (HOSHIARPUR)

RAIKHY HARBANS HOSPITAL

Dr. Preet Kanwal Raikhy
MBBS, M.D (OB-GYN), IVF Expert
Ex Consultant Max Patparganj, New Delhi.
Ex Sr. Resident DMCH Ludhiana, Ex PCMS



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਐਡ.ਕਰਮਬੀਰ ਸਿੰਘ ਘੁੰਮਣ
ਵਿਧਾਇਕ ਹਲਕਾ ਦਸੂਹਾ



ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵਲੋਂ ਕੋਟਿਨ-ਕੋਟਿ ਪ੍ਰਣਾਮ

ਸੁਖਬੀਰ ਸਿੰਘ ਬਾਦਲ
ਪ੍ਰਧਾਨ ਸ਼੍ਰੋਮਣੀ ਅਕਾਲੀ

ਬਿਕਰਮ ਸਿੰਘ ਮਜੀਠੀਆ
ਸਾਬਕਾ ਮੰਤਰੀ

ਹਰਸਿਮਰਤ ਕੌਰ ਬਾਦਲ
ਸਾਬਕਾ ਕੇਂਦਰੀ ਮੰਤਰੀ

ਹਰਜਿੰਦਰ ਸਿੰਘ ਧਾਮੀ
ਪ੍ਰਧਾਨ ਐਸਜੀਪੀਸੀ

ਲਖਵਿੰਦਰ ਸਿੰਘ ਲੱਖੀ
ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ
ਅਕਾਲੀ ਦਲ

ਪੰਜਾਬ ਤੇ ਪੰਜਾਬੀਅਤ ਦੀ ਪਹਿਰੇਦਾਰ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਸੰਘਰਸ਼ ਕੀਤਾ ਤੇ ਭਵਿੱਖ ਨੂੰ ਸੁਨਹਿਰੀ ਬਣਾਉਣ ਲਈ ਆਓ ਅਕਾਲੀ ਦਲ ਦਾ ਸਾਥ ਦੇਈਏ।



ਧੰਨਵਾਦ

ਮੈਂ ਧੰਨਵਾਦੀ ਹਾਂ ਉਨ੍ਹਾਂ ਸੱਜਣਾਂ ਮਿੱਤਰਾਂ ਦਾ ਜਿਨ੍ਹਾਂ ਨੇ ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ 'ਸਾਡੇ ਲੋਕ' ਵਿਚ ਇਸ਼ਤਿਹਾਰ ਦੇਣ ਲਈ ਸਹਿਯੋਗ ਦਿੱਤਾ। ਆਸ ਕਰਦਾ ਹਾਂ ਕਿ ਅੱਗੇ ਤੋਂ ਵੀ ਇਸੇ ਤਰ੍ਹਾਂ ਦਾ ਸਹਿਯੋਗ ਦਿੰਦੇ ਰਹਿਣਗੇ।

ਰਵਿੰਦਰ ਸਿੰਘ ਟਾਂਡਾ



ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵਲੋਂ ਕੋਟਿਨ-ਕੋਟਿ ਪ੍ਰਣਾਮ

ਅਰਵਿੰਦਰ ਸਿੰਘ ਰਸੂਲਪੁਰ
ਕੌਮੀ ਜਨਰਲ ਸਕੱਤਰ ਅਤੇ
ਹਲਕਾ ਇੰਚਾਰਜ ਟਾਂਡਾ ਅਕਾਲੀ ਦਲ

ਸੁਖਬੀਰ ਸਿੰਘ ਬਾਦਲ
ਪ੍ਰਧਾਨ ਸ਼੍ਰੋਮਣੀ
ਅਕਾਲੀ

ਬਿਕਰਮ ਸਿੰਘ ਮਜੀਠੀਆ
ਸਾਬਕਾ ਮੰਤਰੀ

ਹਰਸਿਮਰਤ ਕੌਰ
ਬਾਦਲ
ਸਾਬਕਾ ਕੇਂਦਰੀ ਮੰਤਰੀ

ਹਰਜਿੰਦਰ ਸਿੰਘ ਧਾਮੀ
ਪ੍ਰਧਾਨ ਐਸਜੀਪੀਸੀ

ਕਮਲਜੀਤ ਸਿੰਘ ਕੁਲਾਰ
ਮੈਂਬਰ ਜਨਰਲ ਕੌਂਸਲ
ਅਕਾਲੀ ਦਲ

ਪੰਜਾਬ ਤੇ ਪੰਜਾਬੀਅਤ ਦੀ ਪਹਿਰੇਦਾਰ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਸੰਘਰਸ਼ ਕੀਤਾ ਤੇ ਭਵਿੱਖ ਨੂੰ ਸੁਨਹਿਰੀ ਬਣਾਉਣ ਲਈ ਆਓ ਅਕਾਲੀ ਦਲ ਦਾ ਸਾਥ ਦੇਈਏ।



ਸ੍ਰੀ ਰਾਹੁਲ ਗਾਂਧੀ
ਨੇਤਾ ਵਿਰੋਧੀ ਧਿਰ ਲੋਕ ਸਭਾ

ਚਰਨਜੀਤ ਸਿੰਘ ਚੰਨੀ
ਮੈਂਬਰ ਪਾਰਲੀਮੈਂਟ

ਪ੍ਰਤਾਪ ਸਿੰਘ ਬਾਜਵਾ
ਨੇਤਾ ਵਿਰੋਧੀ ਧਿਰ ਵਿਧਾਨ ਸਭਾ

ਰਾਜਾ ਬੜਿੰਗ
ਪ੍ਰਧਾਨ ਕਾਂਗਰਸ ਪੰਜਾਬ

ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵਲੋਂ ਕੋਟਿਨ-ਕੋਟਿ ਪ੍ਰਣਾਮ

ਗੁਰਸੇਵਕ ਮਾਰਸ਼ਲ
ਪ੍ਰਧਾਨ ਨਗਰ ਕੌਂਸਲ ਟਾਂਡਾ

ਸੰਗਤ ਸਿੰਘ ਗਿਲਜੀਆਂ
ਸਾਬਕਾ ਮੰਤਰੀ ਪੰਜਾਬ ਕਾਂਗਰਸ



ਧਰਮ ਦੇ ਰਾਖੇ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਵਲੋਂ ਕੋਟਿਨ-ਕੋਟਿ ਪ੍ਰਣਾਮ

ਭਗਵੰਤ ਸਿੰਘ ਮਾਨ
ਮੁੱਖਮੰਤਰੀ ਪੰਜਾਬ

ਅਮਨ ਅਰੋੜਾ
ਪੰਜਾਬ ਪ੍ਰਧਾਨ

ਜਸਵੀਰ ਸਿੰਘ ਰਾਜਾ
ਮੀਤ ਪ੍ਰਧਾਨ ਪੰਜਾਬ
ਐਮ ਐਲ ਏ ਉੜਮੁੜ ਟਾਂਡਾ

ਆਪ

ਜਸਵੰਤ ਸਿੰਘ ਬਿੱਟੂ
ਸੀਨੀਅਰ ਆਪ ਆਗੂ, ਸਰਪੰਚ ਜਲਾਲਪੁਰ

ਲਖਵਿੰਦਰ ਸਿੰਘ ਸੇਠੀ
ਬਲਾਕ ਪ੍ਰਧਾਨ ਆਪ

# ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਕੋਟਿ ਕੋਟਿ ਪ੍ਰਣਾਮ

## ਕੈਲੀਫੋਰਨੀਆ ਤੋਂ 'ਸਾਡੇ ਲੋਕ' ਅਖ਼ਬਾਰ ਦਾ ਇੰਡੀਆ ਤੋਂ ਵਿਸ਼ੇਸ਼ ਸਪਲੀਮੈਂਟ































# ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਕੋਟਿ ਕੋਟਿ ਪ੍ਰਣਾਮ

## ਕੈਲੀਫੋਰਨੀਆ ਤੋਂ 'ਸਾਡੇ ਲੋਕ' ਅਖ਼ਬਾਰ ਦਾ ਇੰਡੀਆ ਤੋਂ ਵਿਸ਼ੇਸ਼ ਸਪਲੀਮੈਂਟ





ਡਾ. ਲਵਪ੍ਰੀਤ ਸਿੰਘ ਪਾਬਲਾ


ਡਾ. ਕਰਨ ਸੈਣੀ ਐਸਐਮਓ ਟਾਂਡਾ


ਡਾ. ਪ੍ਰੀਤ ਮਹਿੰਦਰ ਸਿੰਘ


ਡਾ. ਹਰਪ੍ਰੀਤ ਸਿੰਘ ਬਾਘਾ


ਡਾ. ਸ਼ਗੁਨ


ਡਾ. ਕਰਤਾਰ ਸਿੰਘ


ਹਰੀਕ੍ਰਿਸ਼ਨ ਸੈਣੀ - ਐਮਸੀ 'ਆਪ'


ਸੁੱਖਵਿੰਦਰ ਸਿੰਘ ਸ਼ਾਵਰ ਸਰਪੰਚ ਪਿੰਡ ਬੈਂਚਾਂ


ਮਨਵੀਰ ਸਿੰਘ ਸ਼ਾਵਰ
ਜ਼ਿਲ੍ਹਾ ਪ੍ਰਧਾਨ ਯੂਥ ਹੁਸ਼ਿਆਰਪੁਰ 'ਆਪ'


ਸਤਪਾਲ ਸਿੰਘ ਮੁਲਤਾਨੀ
ਐਮ.ਡੀ. ਰਿੱਚੀ ਟ੍ਰੈਵਲ


ਹਰਮੀਤ ਸਿੰਘ ਔਲਖ
ਸਾਬਕਾ ਚੇਅਰਮੈਨ ਇੰਪਰੂਵਮੈਂਟ
ਟਰੱਸਟ ਹੁਸ਼ਿਆਰਪੁਰ ਆਪ ਪਾਰਟੀ


ਕਰਮਜੀਤ ਕੌਰ
ਚੇਅਰਪ੍ਰਸਨ ਪਲਾਨਿੰਗ ਬੋਰਡ
ਹੁਸ਼ਿਆਰਪੁਰ


ਚੌਧਰੀ ਰਾਜਵਿੰਦਰ ਸਿੰਘ ਰਾਜਾ
ਚੇਅਰਮੈਨ ਮਾਰਕਿਟ ਕਮੇਟੀ ਟਾਂਡਾ


ਸੁਰਿੰਦਰ ਜਾਜਾ
ਭਾਵਾਧਸ ਕਨਵੀਨਰ ਪੰਜਾਬ


ਗੁਰਦੀਪ ਸਿੰਘ
ਆਪ ਆਗੂ


ਰਾਜੇਸ਼ ਲਾਡੀ
ਐਮ ਸੀ


ਕ੍ਰਿਸ਼ਨ ਲਾਲ ਐਮ ਸੀ


ਨੰਬਰਦਾਰ ਜਗਜੀਵਨ ਜੱਗੀ


ਜਸਵਿੰਦਰ ਸਿੰਘ ਕਾਕਾ- ਐਮ ਸੀ


ਸਤਵੰਤ ਜੱਗੀ - ਐਮ ਸੀ


ਰਾਕੇਸ਼ ਬਿੱਟੂ - ਸਾਬਕਾ ਐਮ ਸੀ


ਗੁਰਮੁਖ ਸਿੰਘ ਨਾਮਧਾਰੀ


ਹਿਮਾਂਸ਼ੂ ਵੈਦ - ਐਮ ਸੀ


ਗੁਰਪ੍ਰੀਤ ਕੌਰ - ਐਮ ਸੀ


ਪੰਕਜ ਸਚਦੇਵਾ-ਯੂਥ ਆਗੂ ਕਾਂਗਰਸ


ਸੇਠ ਰਾਮ ਸੇਠੀ-ਭਾਵਾਧਸ ਪੰਜਾਬ ਪ੍ਰਧਾਨ


ਤਾਰਾ ਸਿੰਘ


ਹਰਮਨਪ੍ਰੀਤ ਸਿੰਘ


ਡਾਕਟਰ ਸਿਮਰਨਪ੍ਰੀਤ ਸਿੰਘ


ਲਖਵਿੰਦਰ ਸਿੰਘ ਮੁਲਤਾਨੀ


ਜਸਵੰਤ ਕੌਰ- ਐਮ ਸੀ


ਕਮਲੇਸ਼ ਕੌਰ - ਸਰਪੰਚ ਤਲਵੰਡੀ ਸੱਲਾਂ


ਰੋਹਿਤ

# ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਕੋਟਿ ਕੋਟਿ ਪ੍ਰਣਾਮ

## ਕੈਲੀਫੋਰਨੀਆ ਤੋਂ 'ਸਾਡੇ ਲੋਕ' ਅਖ਼ਬਾਰ ਦਾ ਇੰਡੀਆ ਤੋਂ ਵਿਸ਼ੇਸ਼ ਸਪਲੀਮੈਂਟ





ਮਨਜੀਤ ਸਿੰਘ


ਕੁਲਵੰਤ ਸਿੰਘ


ਲਾਲੀ ਭਾਟੀਆ


ਭਗਵਾਨ ਸਿੰਘ ਸੈਣੀ
ਪੱਤਰਕਾਰ ਅਜੀਤ


ਕੁਲਵੀਰ ਸਿੰਘ ਗੁਰਾਇਆ
ਪੱਤਰਕਾਰ ਅਜੀਤ


ਸੁਖਦੇਵ ਸਿੰਘ ਐਡਵੋਕੇਟ
ਪੱਤਰਕਾਰ ਅਜੀਤ


ਉੱਕਾਰ ਸਿੰਘ ਸੈਣੀ
ਪੱਤਕਰਾਰ ਨਵਾਂ ਜ਼ਮਾਨਾ


ਹਰਦੀਪ ਸਿੰਘ ਐਡਵੋਕੇਟ
ਪੱਤਰਕਾਰ ਅਕਾਲੀ ਪੱਤਰਿਕਾ


ਹਰਵਿੰਦਰ ਸਿੰਘ ਕਲੋਟੀ-
ਨੰਬਰਦਾਰ ਟਾਂਡਾ ਉੜਮੁੜ
ਆਮ ਆਦਮੀ ਪਾਰਟੀ


ਸਤਵੰਤ ਸਿੰਘ ਖੁਣ ਖੁਣ


ਅੰਮ੍ਰਿਤਪਾਲ ਸਿੰਘ ਬਾਜਵਾ
ਸਪੋਕਸਮੈਨ ਨਿਊਜ਼ ਚੈਨਲ


ਜਸਪ੍ਰੀਤ ਸਿੰਘ ਸੈਣੀ
ਅਜੀਤ ਸਮਾਚਾਰ


ਤਜਿੰਦਰ ਸਿੰਘ ਸੈਣੀ
ਜੇ.ਕੇ. ਨਿਊਜ਼ ਚੈਨਲ


ਅਨਿਲ ਕੁਮਾਰ
ਸਟਾਰ ਪੰਜਾਬੀ ਨਿਊਜ਼ ਚੈਨਲ


ਦੀਪਕ ਲਾਖਾ
ਰਿਪੋਰਟਰ ਟੀ.ਵੀ. 9 ਪੰਜਾਬ


ਵਿਨੋਦ ਕੁਮਾਰ
ਸਾਧਨਾ ਨਿਊਜ਼ ਚੈਨਲ


ਬਲਜੀਤ ਸਿੰਘ ਸੈਣੀ
ਸਪੋਕਸਮੈਨ


ਕਮਲ ਧੀਰ
ਬਲਾਕ ਪ੍ਰਧਾਨ ਟਾਂਡਾ ਆਪ


ਸੁਨੀਲ ਲਾਖਾ
ਰਿਪੋਰਟ ਆਜ ਤੱਕ


ਅਸ਼ਨਵੀ ਕੁਮਾਰ ਬੰਟੀ
ਕੈਮਰਾਮੈਨ ਪੀ.ਟੀ.ਸੀ.


ਸਾਹਿਬ ਸਿੰਘ
ਸਾਡੇ ਲੋਕ


ਗੁਰਪ੍ਰੀਤ ਸਿੰਘ ਐਡਵੋਕੇਟ
ਅੱਜ ਦੀ ਅਵਾਜ਼


ਤਰਸੇਮ ਪੱਪੂ
ਪ੍ਰਧਾਨ ਜ਼ਿਲ੍ਹਾ ਸਿਟੀ ਪ੍ਰੈਸ ਕਲੱਬ


ਦੀਪਕ ਬਹਿਲ
ਪੱਤਰਕਾਰ ਅਜੀਤ


ਹਰਨੇਕ ਸਿੰਘ -
ਸਰਪੰਚ ਰਾਣੀ ਪਿੰਡ


ਨਿਸ਼ਾਨ ਸਿੰਘ
ਸਰਪੰਚ ਦਬੁਰਜੀ


ਲਖਵੀਰ ਸਿੰਘ ਖਾਲਸਾ ਕੌਮੀ ਪ੍ਰਧਾਨ
ਵਿਸ਼ਵ ਰਾਮਦਾਸੀਆ ਸਿੱਖ ਕੌਂਸਲ


ਜਿੰਮੀ ਖੰਨਾ
ਪੰਜਾਬ ਪ੍ਰਧਾਨ ਸ਼ਿਵ ਸੈਨਾ ਪੰਜਾਬ


ਅਮਰਜੀਤ ਸਿੰਘ


ਲਵਦੀਪ ਸਿੰਘ


ਐਡਵੋਕੇਟ ਜੈਮਸ ਵਾਟ


ਰਛਪਾਲ ਸਿੰਘ


ਅਵਤਾਰ ਸਿੰਘ


ਗੁਰਪ੍ਰਤਾਪ ਸਿੰਘ


ਸੰਨੀ ਪੰਡਿਤ


ਪ੍ਰੋ. ਰਣਜੀਤ ਸਿੰਘ - ਪੰਜਾਬ ਪ੍ਰਧਾਨ
ਵਿਸ਼ਵ ਰਾਮਦਾਸੀਆ ਸਿੱਖ ਕੌਂਸਲ

# ਇਕ ਨਵੀਂ ਲੱਭਤ ਸ੍ਰੀ ਗੁਰੂ ਅਰਜਨ ਬਿਲਾਸ

ਡਾ. ਧਰਮ ਸਿੰਘ



ਪੰਜਾਬੀ ਸਾਹਿਤਕ ਰਚਨਾਵਾਂ ਦੀ ਗਿਣਤੀ ਹਜ਼ਾਰਾਂ ਨਹੀਂ, ਲੱਖਾਂ ਵਿਚ ਹੋ ਸਕਦੀ ਹੈ। ਇਸ ਵਿਚੋਂ ਕਈਆਂ ਨੇ ਛਪੀ ਦਾ ਮੂੰਹ ਵੇਖਿਆ ਅਤੇ ਕਈ ਅਣਛਪੀਆਂ ਜਾਂ ਹੱਥ-ਲਿਖਤ ਰੂਪ ਵਿਚ ਹੀ ਰਹਿ ਗਈਆਂ। ਜਿਹੜੀਆਂ ਛਪੀਆਂ ਵੀ ਸਨ, ਉਨ੍ਹਾਂ ਵਿਚੋਂ ਕਈ ਦੁਰਲੱਭ ਹਨ। ਇਨ੍ਹਾਂ ਦੁਰਲੱਭ ਰਚਨਾਵਾਂ ਵਿਚੋਂ ਇਕ ਸੀ 'ਸ੍ਰੀ ਗੁਰੂ ਅਰਜਨ ਬਿਲਾਸ' ਜੋ ਪਹਿਲੀ ਵਾਰ 1908 ਈ. ਤੋਂ ਪਹਿਲਾਂ ਪ੍ਰਕਾਸ਼ਿਤ ਹੋਈ। ਸੰਨ 1930 ਤੱਕ ਇਸ ਦੇ 10 ਐਡੀਸ਼ਨ ਛਪ ਕੇ ਵਿਕ ਚੁੱਕੇ ਸਨ। ਇਨ੍ਹਾਂ ਦੁਰਲੱਭ ਰਚਨਾਵਾਂ ਦੇ ਪੁਨਰ ਪ੍ਰਕਾਸ਼ਨ ਦਾ ਬੀੜਾ ਚੇਤਨ ਸਿੰਘ, ਸਾਬਕਾ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੇ ਉਠਾਇਆ ਹੈ। ਅਜਿਹੀਆਂ 100 ਤੋਂ ਵੱਧ ਦੁਰਲੱਭ ਪੰਜਾਬੀ ਰਚਨਾਵਾਂ ਉਨ੍ਹਾਂ ਨੇ ਆਪਣੀਆਂ ਦੋ ਸੰਪਾਦਿਤ ਪੁਸਤਕਾਂ, 'ਪੁਰਾਤਨ ਸਿੱਧ ਲਿਖਤਾਂ' ਅਤੇ 'ਪੁਰਾਤਨ ਸਿੱਖ ਸਾਹਿਤ ਸੰਗ੍ਰਹਿ' ਵਿਚ ਸੰਕਲਿਤ ਕਰਕੇ ਛਾਪੀਆਂ ਹਨ। ਸਾਡੀ ਅੱਜ ਦੀ ਚਰਚਾ ਦਾ ਆਧਾਰ 'ਸ੍ਰੀ ਗੁਰੂ ਅਰਜਨ ਬਿਲਾਸ' ਹੈ ਜੋ ਭਾਈ ਜੋਧ ਸਿੰਘ ਗੁੱਜਰਖਾਨ (ਰਾਵਲਪਿੰਡੀ) ਵਾਲਿਆਂ ਦੀ ਰਚਨਾ ਹੈ।

'ਸ੍ਰੀ ਗੁਰੂ ਅਰਜਨ ਬਿਲਾਸ' ਲਿਖਣ ਤੋਂ ਪਿੱਛੋਂ ਭਾਈ ਜੋਧ ਸਿੰਘ ਗੁੱਜਰਖਾਨ ਨੇ 'ਸ੍ਰੀ ਗੁਰੂ ਅਮਰ ਬਿਲਾਸ' ਦੀ ਰਚਨਾ ਵੀ ਕੀਤੀ। ਇਹ ਦੋਵੇਂ ਪੁਸਤਕਾਂ ਪਾਠਕਾਂ ਦੁਆਰਾ ਬਹੁਤ ਪਸੰਦ ਕੀਤੀਆਂ ਗਈਆਂ। ਮੱਧਕਾਲ ਵਿਚ 'ਸ੍ਰੀ ਗੁਰੂ ਹਰਿਗੋਬਿੰਦ ਜੀ' ਅਤੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਬਾਰੇ ਲਿਖੇ ਹੋਏ ਗੁਰਬਿਲਾਸ ਮਿਲਦੇ ਹਨ। ਇਹ ਗੁਰਬਿਲਾਸ ਜਿੱਥੇ ਮਹਾਂਕਾਵਿ ਦੀ ਘਾਟ ਨੂੰ ਪੂਰਿਆਂ ਕਰਦੇ ਹਨ, ਉਥੇ ਗੁਰੂ ਸਾਹਿਬਾਨ ਦੇ ਮੁਕੰਮਲ ਜੀਵਨ ਨੂੰ ਕਵਿਤਾ ਵਿਚ ਪੇਸ਼ ਕਰਦੇ ਹਨ। ਅੱਜ ਏਹੋ ਗੁਰਬਿਲਾਸ ਸਿੱਖ ਇਤਿਹਾਸ ਦੇ ਪੁਰਾਤਨ ਸਰੋਤਾਂ ਵਿਚ ਗਿਣੇ ਜਾਂਦੇ ਹਨ। ਏਸੇ ਤਰਜ਼ 'ਤੇ ਭਾਈ ਜੋਧ ਸਿੰਘ ਗੁੱਜਰਖਾਨ ਦੇ ਲਿਖੇ 'ਸ੍ਰੀ ਗੁਰੂ ਅਰਜਨ ਬਿਲਾਸ' ਵਿਚ ਅਜਿਹੀਆਂ ਸੁਰਾਂ ਸੁਣਾਈ ਦਿੰਦੀਆਂ ਹਨ। ਬੇਸ਼ੱਕ ਇਹ ਗੁਰਬਿਲਾਸ ਬਹੁਤਾ ਵਿਸਤ੍ਰਿਤ ਨਹੀਂ ਪਰ ਗੁਰੂ ਅਰਜਨ ਦੇਵ ਜੀ ਦੇ ਜੀਵਨ ਦੀ ਮਹੱਤਵਪੂਰਨ ਘਟਨਾਵਲੀ ਇਸ ਵਿਚ ਜ਼ਰੂਰ ਪ੍ਰਤੀਬੱਧ ਹੋਈ ਨਜ਼ਰੀਂ ਪੈਂਦੀ ਹੈ।

ਆਰੰਭ ਵਿਚ ਬੜੇ ਸੰਖੇਪ ਰੂਪ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਬੀਬੀ ਭਾਨੀ ਦੀ ਕੁੱਖੋਂ ਗੋਇੰਦਵਾਲ ਵਿਖੇ ਹੋਇਆ ਜਨਮ ਦੱਸ ਕੇ ਗੁਰੂ ਅਰਜਨ ਦੇਵ ਜੀ ਦੇ ਭਰਾਵਾਂ ਪ੍ਰਿਥੀਚੰਦ ਅਤੇ ਮਹਾਂਦੇਵ ਦੀ ਚਰਚਾ ਹੈ। ਸਭ ਤੋਂ ਪਹਿਲੀ ਘਟਨਾ ਲਾਹੌਰ ਵਿਖੇ ਰਿਸ਼ਤੇਦਾਰ ਦੇ ਘਰ ਵਿਆਹ ਦੇ ਮੌਕੇ ਲਾਹੌਰ ਜਾਣ ਦੀ ਹੈ। ਪਹਿਲਾਂ ਪ੍ਰਿਥੀਚੰਦ ਅਤੇ ਮਹਾਂਦੇਵ ਨੂੰ ਪੁੱਛਿਆ ਗਿਆ ਪਰ ਉਨ੍ਹਾਂ ਨਾਂਹ ਕਰ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਾਂ ਕਰਨ 'ਤੇ ਉਹ ਲਾਹੌਰ ਜਾਣ ਲਈ ਰਜ਼ਾਮੰਦ ਹੋ ਗਏ ਪਰ ਗੁਰੂ ਰਾਮਦਾਸ ਜੀ ਨੇ ਇਹ ਵੀ ਕਹਿ ਦਿੱਤਾ ਕਿ ਸੱਦਣ 'ਤੇ ਹੀ ਉਹ ਵਾਪਸ ਆਉਣਗੇ:

**ਬਿਨਾਂ ਸੱਦਿਆਂ ਮੂਲ ਨਹੀਂ ਆਉਣਾ**
**ਜੇ ਮਤਾਂ ਕਰੇ ਇਹ ਸਖਤ ਕਸੂਰ ਪਿਆਰੇ।**
**ਲੈ ਕੇ ਹੁਕਮ ਸਤਿਗੁਰ ਦਾ ਜੋਧ ਸਿੰਘਾ**
**ਹੋਏ ਤਰਫ਼ ਲਾਹੌਰ ਕਾਫੂਰ ਪਿਆਰੇ।**

ਲਾਹੌਰ ਰਹਿੰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਤਣ ਲਈ ਤਿੰਨ ਚਿੱਠੀਆਂ ਸ੍ਰੀ ਗੁਰੂ ਰਾਮਦਾਸ ਜੀ ਪ੍ਰਤੀ ਲਿਖੀਆਂ ਪਰ ਪ੍ਰਿਥੀਚੰਦ ਨੇ ਉਹ ਚਿੱਠੀਆਂ ਗੁਰੂ ਤੱਕ ਨਾ ਪਹੁੰਚਣ ਦਿੱਤੀਆਂ। ਕੁਝ ਚਿਰ ਬਾਅਦ ਉਹ ਗੋਇੰਦਵਾਲ ਵਿਖੇ ਪਰਤ ਆਏ। ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਰਹੇ ਸਨ ਅਤੇ ਉਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਜਾ ਕੇ ਸਰੋਵਰ ਦੀ ਖੁਦਾਈ ਕਰਵਾਉਣ ਦਾ ਕੰਮ ਸੌਂਪ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸ਼ਹਿਰ ਨੂੰ ਹੋਰ ਆਬਾਦ ਕਰਨ ਲਈ ਕਈ ਉਪਰਾਲੇ ਕੀਤੇ। ਦੂਜੇ ਯਤਨ ਵਿਚ ਤਰਨ ਤਾਰਨ ਸ਼ਹਿਰ ਦੀ ਬੁਨਿਆਦ ਰੱਖਣ ਅਤੇ ਹਾਕਮ ਨੂਰਦੀਨ ਵਲੋਂ ਜਬਰੀ ਇੱਟਾਂ ਚੁਕਵਾ ਕੇ ਇਕ ਸਰਾਂ ਨੂੰ ਲਗਵਾਉਣ ਦੀ ਸੂਚਨਾ ਹੈ। ਅਗਲੇ ਪ੍ਰਸੰਗ ਵਿਚ ਸਾਹਿਬਜ਼ਾਦੇ ਹਰਿਗੋਬਿੰਦ ਜੀ ਦੇ ਆਗਮਨ ਅਤੇ ਪ੍ਰਿਥੀਚੰਦ ਵਲੋਂ ਗੁਰਗੱਦੀ ਦੇ ਲਾਲਚ ਵਿਚ ਚੱਲੀਆਂ ਚਾਲਾਂ ਦਾ ਵਰਨਣ ਹੈ। ਪ੍ਰਿਥੀਚੰਦ ਇੱਥੇ ਹੀ ਨਹੀਂ ਰੁਕਿਆ, ਉਸ ਨੇ ਗੁਰੂ ਜੀ ਦੇ ਵਿਰੁੱਧ ਬਾਦਸ਼ਾਹ ਅਕਬਰ ਕੋਲ ਵੀ ਸ਼ਿਕਾਇਤ ਕਰ ਦਿੱਤੀ। ਉਸ ਨੇ ਸੁਲਹੀ ਖ਼ਾਨ ਦੇ ਕੰਨ ਭਰ ਕੇ ਗੁਰੂ ਸਾਹਿਬ ਵਿਰੁੱਧ ਫੌਜਕਸ਼ੀ ਵੀ ਕਰਵਾਈ, ਪਰ ਸੁਲਹੀ ਖ਼ਾਨ ਇੱਟਾਂ ਦੇ ਭੱਠੇ ਵਿਚ ਡਿਗ ਕੇ ਮਰ ਗਿਆ।

**ਸੁਲਹੀ ਖ਼ਾਨ ਦੇ ਨਾਲ ਸਲਾਹ ਕਰਕੇ**
**ਗੱਦੀ ਲੈਣ ਦਾ ਮਤਾ ਪਕਾਂਵਦਾ ਜੀ।**
**ਦਿੱਲੀ ਜਾਇ ਕੇ ਕੂਕ ਫਰਿਆਦ ਕੀਤੀ,**
**ਬਾਦਸ਼ਾਹ ਨੂੰ ਹਾਲ ਬਤਾਯਾ ਜੀ।**

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੋਰ ਯਾਦਗਾਰੀ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੰਪਾਦਨਾ ਸੀ। ਪਹਿਲਾਂ ਬਾਣੀ ਇਕੱਠੀ ਕੀਤੀ ਗਈ ਅਤੇ ਫਿਰ ਗੁਰਦੁਆਰਾ ਰਾਮਸਰ ਵਾਲੇ ਰਮਣੀਕ ਥਾਂ ਉੱਪਰ ਬੀੜ ਲਿਖਵਾਉਣ ਦਾ ਕੰਮ ਆਰੰਭਿਆ ਗਿਆ ਹੈ:

**ਜਿਥੇ ਬੈਠ ਸਤਿਗੁਰਾਂ ਇਹ ਕਾਜ ਕੀਤਾ,**
**ਧਰਿਆ ਰਾਮਸਰ ਨਾਂ ਉਸ ਜਾ ਪਿਆਰੇ।**
**ਉਸੇ ਥਾਉ ਤੇ ਸੁਖਮਨੀ ਸਾਹਿਬ ਬਾਣੀ ਰਚੀ,**
**ਆਪ ਸੱਚੇ ਪਾਤਸ਼ਾਹ ਪਿਆਰੇ।**
**ਸੁੰਦਰ ਤਾਲ ਮੰਦਰ ਖੂਬ ਜੋਧ ਸਿੰਘਾ,**
**ਅਜੇ ਤੀਕ ਉਥੇ ਖ਼ੁਸ਼ਨੁਮਾ ਪਿਆਰੇ।**

ਬੀੜ ਤਿਆਰ ਹੋ ਗਈ ਅਤੇ ਪ੍ਰਿਥੀਚੰਦ ਨੂੰ ਸ਼ਿਕਾਇਤ ਦਾ ਇਕ ਹੋਰ ਮੌਕਾ ਮਿਲ ਗਿਆ। ਉਸ ਨੇ ਅਕਬਰ ਅੱਗੇ ਸ਼ਿਕਾਇਤ ਕੀਤੀ ਕਿ ਨਵੇਂ ਤਿਆਰ ਕੀਤੇ ਗਏ ਗ੍ਰੰਥ ਵਿਚ ਇਸਲਾਮ ਦੀ ਨਿੰਦਿਆ ਹੈ। ਅਕਬਰ ਪਹਿਲਾਂ ਤੋਂ ਹੀ ਉਸ ਦੀਆਂ ਹਰਕਤਾਂ ਤੋਂ ਜਾਣੂ ਸੀ। ਸੋ, ਉਸ ਨੇ ਬਹੁਤੀ ਤਵੱਜੋ ਨਾ ਦਿੱਤੀ ਅਤੇ ਕਿਹਾ ਕਿ ਉਹ ਆਪਣੀ ਲਾਹੌਰ ਫੇਰੀ ਸਮੇਂ ਇਸ ਗੱਲ ਦੀ ਪੜਤਾਲ ਕਰਵਾ ਲਵੇਗਾ। ਉਹ ਦਿਨ ਵੀ ਆ ਗਿਆ। ਗੁਰੂ ਜੀ ਨੂੰ ਬਾਦਸ਼ਾਹ ਵਲੋਂ ਲਿਖ ਭੇਜਿਆ ਗਿਆ ਕਿ ਉਹ ਬੀੜ ਲੈ ਕੇ ਆਉਣ। ਅਜਿਹਾ ਹੀ ਹੋਇਆ। ਭਾਈ ਗੁਰਦਾਸ ਜੀ ਬੀੜ ਲੈ ਕੇ ਨਿਸ਼ਚਿਤ ਥਾਂ ਉੱਪਰ ਪਹੁੰਚ ਗਏ। ਉਨ੍ਹਾਂ ਨਾਲ ਬਾਬਾ ਬੁੱਢਾ ਜੀ ਵੀ ਸਨ। ਚਾਰ-ਪੰਜ ਥਾਵਾਂ ਤੋਂ ਵਾਕ ਲਏ ਗਏ ਅਤੇ ਹਰ ਥਾਂ ਬ੍ਰਹਮ ਗਿਆਨ ਦੀ ਗੱਲ ਸੁਣ ਕੇ ਅਕਬਰ ਬੜਾ ਪ੍ਰਸੰਨ ਹੋਇਆ। ਸਤਿਕਾਰ ਵਜੋਂ ਉਸ ਨੇ ਇਕਵੰਜਾ ਮੋਹਰਾਂ ਭੇਟ ਕੀਤੀਆਂ ਅਤੇ ਨਾਲ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖਿਲਅਤ ਭੇਜੀ:

**ਬਾਦਸ਼ਾਹ ਨੂੰ ਬੜਾ ਅਨੰਦ ਆਯਾ**
**ਸੁਣ ਕੇ ਪ੍ਰੇਮ ਹੋਯਾ ਬੇਹਿਸਾਬ ਸਾਈਂ।**
**ਮੁਹਰਾਂ ਤੁਰੰਤ ਪਚਾਸ ਤੇ ਇਕ ਉਤੇ,**
**ਮੰਗਵਾਇਕੇ ਆਪ ਸ਼ਤਾਬ ਸਾਈਂ।**
**ਗੁਰੂ ਗ੍ਰੰਥ ਜੀ ਦੀ ਭੇਟਾ ਕੀਤੀਆਂ ਸੂ**
**ਦਿਲੋਂ ਦੂਰ ਕਰਕੇ ਇਜ਼ਤਰਾਬ ਸਾਈਂ।**

ਇਸ ਤੋਂ ਅੱਗੇ ਸ਼ਹੀਦੀ ਪ੍ਰਸੰਗ ਹੈ। ਭਾਈ ਜੋਧ ਸਿੰਘ ਆਮ ਰਵਾਇਤ ਨੂੰ ਮੰਨਦਿਆਂ ਹੋਇਆਂ ਵਧੇਰੇ ਕਸੂਰਵਾਰ ਦੀਵਾਨ ਚੰਦੂ ਨੂੰ ਦੱਸਦਾ ਹੈ। ਇਸ ਵੇਲੇ ਤੱਕ ਅਕਬਰ ਦਾ ਦਿਹਾਂਤ ਹੋ ਚੁੱਕਾ ਸੀ ਅਤੇ ਬਾਦਸ਼ਾਹਤ ਜਹਾਂਗੀਰ ਦੇ ਹੱਥ ਵਿਚ ਸੀ। ਦੀਵਾਨ ਚੰਦੂ ਨੂੰ ਆਪਣੀ ਲੜਕੀ ਦੇ ਰਿਸ਼ਤੇ ਨੂੰ ਨਕਾਰਨ ਦਾ ਦਰਦ ਸੀ ਅਤੇ ਉਹ ਪਹਿਲਾਂ ਵੀ ਪ੍ਰਿਥੀਚੰਦ ਨਾਲ ਰਲ ਕੇ ਕੋਝੀਆਂ ਹਰਕਤਾਂ ਕਰ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਉਣ ਵਾਲੇ ਸਮੇਂ ਦਾ ਅਨੁਮਾਨ ਲਗਾ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗੁਰਗੱਦੀ ਸੌਂਪ ਦਿੱਤੀ। ਖੁਸਰੋ ਨੂੰ ਆਪਣੇ ਦਰਬਾਰ ਵਿਚ ਪਨਾਹ ਦੇਣ ਦਾ ਦੋਸ਼ ਲਗਾ ਕੇ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਦੋ ਲੱਖ ਰੁਪਿਆ ਜੁਰਮਾਨੇ ਵਜੋਂ ਦੇਣ ਦਾ ਹੁਕਮ ਕਰ ਦਿੱਤਾ ਅਤੇ ਇਸ ਦੀ ਉਗਰਾਹੀ ਲਈ ਦੀਵਾਨ ਚੰਦੂ ਨੂੰ ਮੁਕੱਰਰ ਕਰ ਦਿੱਤਾ। ਚੰਦੂ ਨੇ ਦਿਲ ਖੋਲ੍ਹ ਕੇ ਗੁਰੂ ਜੀ ਉੱਪਰ ਜ਼ੁਲਮ ਕੀਤਾ। ਗੁਰੂ ਜੀ ਨੂੰ ਤੱਤੇ ਪਾਣੀ ਦੀ ਦੇਗ ਵਿਚ ਬਿਠਾਇਆ ਗਿਆ। ਉਨ੍ਹਾਂ ਨੂੰ ਤੱਤੀ ਤਵੀ ਉੱਪਰ ਵੀ ਬਿਠਾਇਆ ਗਿਆ, ਸਰੀਰ ਉੱਪਰ ਗਰਮ ਰੇਤਾ ਪਾਇਆ ਗਿਆ ਪਰ ਗੁਰੂ ਜੀ ਸ਼ਾਂਤ ਚਿੱਤ ਹੋ ਕੇ ਇਹ ਸਾਰੇ ਜ਼ੁਲਮ ਸਹਿੰਦੇ ਰਹੇ:

**ਮੌਸਮ ਗਰਮੀਆਂ ਦਾ ਮਾਹ ਜੇਠ ਆਹਾ,**
**ਅੱਗੇ ਤਪਤ ਦੇਂਦੀ ਪਿੰਡਾ ਜਾਰ ਬੇਲੀ।**
**ਦੂਜਾ ਗਰਮ ਡਾਢਾ ਪਾਣੀ ਦੇਗ ਵਾਲਾ**
**ਬਲਦੀ ਅੱਗ ਏ ਵਾਂਗ ਸ਼ੁਮਾਰ ਬੇਲੀ।**
**ਸ਼ਕਤੀਵਾਨ ਸਤਿਗੁਰ ਜੀ ਜਿਸਮ ਉਤੇ,**
**ਸਾਰੇ ਕਸ਼ਟ ਇਹ ਸਹਾਰ ਬੇਲੀ।**
**ਹਾਏ ਸੀ ਯਾ ਉਫ਼ ਨ ਮੂਲ ਕੀਤੀ**
**ਜਪਦੇ ਰਹੇ ਕਰਤਾਰ ਕਰਤਾਰ ਬੇਲੀ।**

ਏਨੇ ਤਸ਼ੱਦਦ ਸਹਿੰਦਿਆਂ ਸਾਰਾ ਸਰੀਰ ਛਾਲਿਆਂ ਨਾਲ ਭਰ ਗਿਆ। ਗੁਰੂ ਜੀ ਨੇ ਇਸ਼ਨਾਨ ਦੀ ਇੱਛਾ ਪ੍ਰਗਟ ਕੀਤੀ। ਚੰਦੂ ਨੇ ਸੋਚਿਆ ਕਿ ਗਰਮ ਸਰੀਰ ਨੂੰ ਜਦ ਠੰਢਾ ਪਾਣੀ ਛੂਹੇਗਾ ਤਾਂ ਤਕਲੀਫ਼ ਹੋਰ ਵਧ ਜਾਵੇਗੀ। ਸੋ, ਅਹਿਲਕਾਰ ਗੁਰੂ ਜੀ ਨੂੰ ਇਸ਼ਨਾਨ ਕਰਵਾਉਣ ਲਈ ਰਾਵੀ ਦਰਿਆ 'ਤੇ ਲੈ ਗਏ। ਗੁਰੂ ਜੀ ਨੇ ਜਲ ਸਮਾਧੀ ਲੈ ਲਈ ਅਤੇ ਸਰੀਰ ਤਿਆਗ ਦਿੱਤਾ। ਉਸ ਥਾਂ 'ਤੇ ਯਾਦਗਾਰ ਕਾਇਮ ਹੋਈ (ਅੱਜਕਲ੍ਹ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ) ਜਿਸ ਦੇ ਨਾਂਅ 'ਤੇ ਕੁਝ ਜਾਗੀਰ ਲਵਾ ਦਿੱਤੀ ਗਈ। ਇਸੇ ਸਥਾਨ 'ਤੇ ਜੇਠ ਸੁਦੀ ਚੌਥ ਨੂੰ ਜੋੜ-ਮੇਲਾ ਲਗਦਾ ਹੈ, ਜਿੱਥੇ ਸੰਗਤ ਹੁੰਮ-ਹੁਮਾ ਕੇ ਪੁੱਜਦੀ ਹੈ।

# ਗੁਰੂ ਤੇਗ ਬਹਾਦਰ ਜੀ ਦਾ ਭੈ-ਮੁਕਤ ਸਮਾਜ ਦਾ ਸੰਕਲਪ

ਡਾ. ਰਾਜਿੰਦਰ ਸਿੰਘ ਕੁਰਾਲੀ

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦ੍ਰਿਸ਼ਟੀਕੋਣ ਨੂੰ ਸਮਝਣ ਲਈ ਗੁਰਬਾਣੀ, ਗੁਰੂ ਜੀ ਦੀਆਂ ਯਾਤਰਾਵਾਂ ਅਤੇ ਸ਼ਹਾਦਤ ਤਿੰਨਾਂ ਨੂੰ ਜੋੜ ਕੇ ਦੇਖਣ ਦੀ ਜ਼ਰੂਰਤ ਹੈ। ਗੁਰੂ ਜੀ ਕੋਲ ਵੈਰਾਗ ਦੀ ਥਾਂ ਅੰਧਕਾਰ ਨੂੰ ਵੰਗਾਰਦੀ ਪ੍ਰਭਾਤ ਦਾ ਸੁਨੇਹਾ ਹੈ। ਗੁਰੂ ਤੇਗ ਬਹਾਦਰ ਜੀ ਕਿਸੇ ਧਰਮ ਵਿਸ਼ੇਸ਼ ਦੀ ਥਾਂ ਸਮੁੱਚੀ ਮਾਨਵਤਾ ਦੀ ਚਾਦਰ ਅਤੇ ਧੱਕੇਸ਼ਾਹੀ ਖ਼ਿਲਾਫ਼ ਸੰਘਰਸ਼ ਦੀ ਮਹਾਨ ਪ੍ਰੇਰਨਾ ਹਨ। ਗੁਰੂ ਜੀ ਲਈ ਕੋਈ ਬੇਗਾਨਾ ਨਹੀਂ, ਸਾਰੇ ਉਨ੍ਹਾਂ ਦੇ ਆਪਣੇ ਸਨ। ਗੁਰੂ ਜੀ ਨੇ ਮਨੁੱਖਤਾ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਮਹਿਸੂਸ ਕੀਤਾ। ਗੁਰੂ ਜੀ ਲਈ ਧਰਮ ਨਿੱਜੀ ਮੁਕਤੀ ਤੱਕ ਸੀਮਤ ਨਹੀਂ ਹੈ। ਧਰਮ ਸਮਾਜ ਕਲਿਆਣ ਦਾ ਰਸਤਾ ਹੈ। ਅਨੇਕਤਾ ਵਿਚ ਏਕਤਾ ਦਾ ਵਿਗਾਸ ਹੈ। ਰੂਹਾਨੀਅਤ, ਸਾਂਝੀਵਾਲਤਾ ਅਤੇ ਸਮਾਜਿਕ ਨਿਆਂ ਦੀ ਸਥਾਪਨਾ ਕਰਨਾ ਸਿੱਖ ਧਰਮ ਦਾ ਅੰਗ ਹੈ। ਖ਼ਾਸ ਕਰਕੇ ਲੋਕਾਂ ਦਾ ਲਹੂ ਪੀਣ ਵਾਲੇ ਭ੍ਰਿਸ਼ਟ ਹਾਕਮ ਅਤੇ ਨਾਰੀ ਦਾ ਨਿਰਾਦਰ ਕਰਨ ਦੀ ਬਿਰਤੀ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬ ਨੇ ਸੁਚੇਤ ਕਾਰਜ ਅਰੰਭ ਕੀਤੇ। ਇਸ ਕਾਰਜ ਦੀ ਸਫ਼ਲਤਾ ਲਈ ਭੈ-ਮੁਕਤ ਨਿਰਮਲ ਸਮਾਜ ਦੀ ਸਿਰਜਣਾ ਅਤਿ ਜ਼ਰੂਰੀ ਸੀ। ਗੁਰੂ ਜੀ ਨੇ ਇਸ ਕਾਰਜ ਲਈ ਗੁਰੂ ਨਾਨਕ ਸਾਹਿਬ ਵਾਂਗ ਭਾਰਤ ਦੇ ਬਹੁਤ ਸਾਰੇ ਨਗਰਾਂ ਵਿਚ ਯਾਤਰਾਵਾਂ ਕਰਕੇ ਚੇਤਨਾ ਜਗਾਈ। ਜ਼ੁਲਮ ਦੇ ਸਤਾਏ ਲੋਕਾਂ ਨੂੰ ਰੋਣ ਦੀ ਥਾਂ ਉੱਠਣ ਦਾ ਬਲ ਪ੍ਰਦਾਨ ਕੀਤਾ।

ਭੈਅ ਅਤੇ ਲਾਲਚ ਮਨੁੱਖੀ ਕਿਰਦਾਰ ਲਈ ਘਾਤਕ ਸਾਬਤ ਹੁੰਦੇ ਹਨ। ਡਰੇ ਲੋਕ ਚੁੱਪ-ਚਾਪ ਜ਼ੁਲਮ ਸਹਿੰਦੇ ਰਹਿੰਦੇ ਹਨ ਅਤੇ ਤਾਨਾਸ਼ਾਹੀ ਬਿਰਤੀ ਵਧਦੀ ਰਹਿੰਦੀ ਹੈ। ਗੁਰੂ ਜੀ ਸਮੇਂ ਔਰੰਗਜ਼ੇਬ ਦਾ ਰਾਜ ਸੀ। ਉਸ ਨੇ ਆਪਣੇ ਪਿਤਾ ਨੂੰ ਕੈਦ ਕਰ ਕੇ ਅਤੇ ਭਰਾਵਾਂ ਨੂੰ ਬੇਰਹਿਮੀ ਨਾਲ ਕਤਲ ਕਰ ਕੇ ਰਾਜ ਸੱਤਾ ਹਾਸਲ ਕੀਤੀ ਸੀ। ਇਸ ਕਲੰਕ ਨੂੰ ਲੁਕਾਉਣ ਲਈ ਉਹ ਇਸਲਾਮ ਦੇ ਪ੍ਰਸਾਰ ਦੇ ਨਾਂਅ ਹੇਠ ਲੋਕਾਂ ਨੂੰ ਤਲਵਾਰ ਦੇ ਜ਼ੋਰ 'ਤੇ ਜ਼ਬਰਦਸਤੀ ਮੁਸਲਮਾਨ ਬਣਾਉਣ ਲੱਗ ਪਿਆ। ਇਸ ਨਾਲ ਕੱਟੜਪੰਥੀ ਮੁਸਲਮਾਨਾਂ ਦਾ ਸਮਰਥਨ ਉਸ ਨੂੰ ਹਾਸਲ ਹੋ ਗਿਆ ਤੇ ਦੂਜੇ ਪਾਸੇ ਗ਼ੈਰ ਮੁਸਲਮਾਨਾਂ ਵਿਚ ਦਹਿਸ਼ਤ ਫੈਲ ਗਈ। ਗੁਰੂ ਤੇਗ ਬਹਾਦਰ ਜੀ ਲਈ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਮਹੱਤਵਪੂਰਨ ਮਸਲਾ ਸੀ। ਲੋਕਾਂ ਅੰਦਰ ਡਰ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਅਤੇ ਬਿਖਮ ਕਾਰਜ ਸੀ। ਡਰ ਖ਼ਤਮ ਕਰਨ ਲਈ ਮਨੁੱਖ ਅੰਦਰ ਨੈਤਿਕਤਾ ਅਤੇ ਪਵਿੱਤਰਤਾ ਦਾ ਹੋਣਾ ਅਤਿ ਜ਼ਰੂਰੀ ਸੀ। ਧਨ, ਸੰਪਤੀ ਅਤੇ ਪਰਿਵਾਰਵਾਦ ਵਿਚ ਘਿਰੇ ਲੋਕ ਉੱਚੇ ਅਦਰਸ਼ਾਂ ਲਈ ਕੁਰਬਾਨੀ ਨਹੀਂ ਦੇ ਸਕਦੇ। ਉਹ ਵਕਤ ਨਾਲ ਸਮਝੌਤਾ ਕਰ ਲੈਂਦੇ ਹਨ। ਗੁਰੂ ਜੀ ਨੇ ਇਸ ਅਧੋਗਤੀ ਦੀ ਨਿਸ਼ਾਨਦੇਹੀ ਕੀਤੀ।

ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਨਿਰਭਉ, ਉਦਾਰ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਦੇ ਧਾਰਨੀ ਬਣਾਉਣ ਲਈ ਮੁਕਤੀ ਨੂੰ ਮੌਤ ਤੋਂ ਬਾਅਦ ਦੀ ਥਾਂ ਵਰਤਮਾਨ ਜੀਵਨ ਨਾਲ ਜੋੜਿਆ। ਸੁੱਖ-ਦੁੱਖ, ਵੈਰੀ-ਮੀਤ, ਉਸਤਤ-ਨਿੰਦਾ, ਹਰਖ-ਸੋਗ, ਕੰਚਨ (ਅਮੀਰੀ) ਲੋਹ (ਗਰੀਬੀ) ਨੂੰ ਬਰਾਬਰ ਸਮਝਣ ਦੀ ਅਵਸਥਾ ਨੂੰ ਮੁਕਤੀ ਆਖਿਆ ਹੈ। ਮਨੁੱਖ ਨੂੰ ਲਾਭ-ਹਾਨੀ ਤੇ ਵਿਤਕਰਿਆਂ ਦੀਆਂ ਬੰਦਸ਼ਾਂ ਤੋਂ ਮੁਕਤ ਕਰ ਕੇ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਜਗਾਇਆ।

ਗੁਰੂ ਤੇਗ ਬਹਾਦਰ ਜੀ ਦੇ ਪ੍ਰਵਚਨਾਂ ਵਿਚ ਗਿਆਨ ਨੂੰ ਭੈਅ ਤੋਂ ਮੁਕਤ ਕਰ ਕੇ ਮਾਨਵਤਾ ਲਈ ਕਲਿਆਣਕਾਰੀ ਬਣਾਉਣ ਦੀ ਪ੍ਰੇਰਨਾ ਹੈ। ਗਿਆਨਵਾਨ ਅਕਸਰ ਸਮੇਂ ਦੀ ਹਕੂਮਤ ਦੇ ਪ੍ਰਭਾਵ ਹੇਠ ਸਮਾਜ ਦੀਆਂ ਸਮੱਸਿਆਵਾਂ ਤੋਂ ਮੂੰਹ ਫੇਰ ਲੈਂਦੇ ਹਨ। ਉਹ ਹਕੂਮਤ ਦੇ ਸ਼ੋਸ਼ਣ ਦਾ ਵਿਰੋਧ ਕਰਨ ਦੀ ਥਾਂ ਸਮਰਥਨ ਕਰਨ ਲਗਦੇ ਹਨ। ਗੁਰੂ ਜੀ ਨੇ ਨਾ ਕਿਸੇ ਤੋਂ ਡਰਨ, ਨਾ ਕਿਸੇ ਨੂੰ ਡਰਾਉਣ, ਨਾ ਜ਼ੁਲਮ ਕਰਨ ਤੇ ਨਾ ਜ਼ੁਲਮ ਸਹਿਣ ਦਾ ਸੰਦੇਸ਼ ਦਿੱਤਾ ਹੈ। ਇਸ ਨਾਲ ਗਿਆਨੀ ਲਈ ਹਕੂਮਤ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਆਵਾਜ਼ ਉਠਾਉਣਾ ਲਾਜ਼ਮੀ ਬਣ ਗਿਆ। ਜ਼ੁਲਮ ਦੇ ਝੰਬੇ ਲੋਕਾਂ ਦੀ ਬਾਂਹ ਫੜਨ ਤੇ ਉਨ੍ਹਾਂ ਲਈ ਸਿਰ-ਧੜ ਦੀ ਬਾਜ਼ੀ ਲਾਉਣਾ ਧਾਰਮਿਕ ਫ਼ਰਜ਼ ਬਣ ਗਿਆ।

ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਉਨ੍ਹਾਂ ਦਾ ਧਰਮ ਤਬਦੀਲ ਕਰਨ ਲਈ ਕੀਤੇ ਜਾ ਰਹੇ ਧੱਕੇ ਖ਼ਿਲਾਫ਼ ਸ਼ਹਾਦਤ ਦੇਣ ਦਾ ਨਿਸਚਾ ਕਰ ਲਿਆ। ਗੁਰੂ ਜੀ ਦੇ ਮਨ ਵਿਚ ਇਸਲਾਮ ਪ੍ਰਤੀ ਘਿਰਣਾ ਨਹੀਂ ਸੀ। ਉਹ ਹਿੰਦੂ ਧਰਮ ਦੀ ਵਰਣ ਵਿਵਸਥਾ ਦੀ ਊਚ-ਨੀਚ ਤੇ ਕਰਮ ਕਾਂਡ ਦੇ ਵਿਰੋਧੀ ਸਨ। ਗੁਰੂ ਜੀ ਨੇ ਤੀਰਥ, ਵਰਤ ਤੇ ਦਿਖਾਵੇ ਲਈ ਦਾਨ ਕਰਨ ਦੇ ਅਭਿਮਾਨ ਦੀ ਬਿਰਤੀ ਨੂੰ ਕੁੰਚਰ ਇਸ਼ਨਾਨ ਵਾਂਗ ਦੱਸਿਆ ਅਰਥਾਤ ਹਾਥੀ ਜਿਵੇਂ ਇਸ਼ਨਾਨ ਕਰਕੇ ਆਪਣੇ ਉੱਤੇ ਖੇਹ ਸੁੱਟ ਕੇ ਮੁੜ ਮਲੀਨ ਹੋ ਜਾਂਦਾ ਹੈ, ਇਹ ਕਰਮ ਨਿਰਮਲਤਾ ਦੀ ਥਾਂ ਹਉਮੈ ਦਾ ਕਾਰਨ ਬਣਦੇ ਹਨ। ਇਸ ਦੇ ਬਾਵਜੂਦ ਗੁਰੂ ਜੀ ਹਿੰਦੂਆਂ 'ਤੇ ਜ਼ਬਰਦਸਤੀ ਇਸਲਾਮ ਥੋਪਣ ਦੇ ਵਿਰੁੱਧ ਸਨ। ਹਕੂਮਤ ਦਾ ਵਿਰੋਧ ਕਰਨਾ ਮੌਤ ਨੂੰ ਆਵਾਜ਼ ਮਾਰਨ ਵਾਂਗ ਸੀ। ਹਕੂਮਤ ਵਲੋਂ ਗੁਰੂ ਜੀ ਨੂੰ ਝੁਕਾਉਣ ਲਈ ਅਣਮਨੁੱਖੀ ਤਸੀਹੇ ਦਿੱਤੇ ਗਏ। ਦਿੱਲੀ ਦੇ ਚਾਂਦਨੀ ਚੌਕ ਵਿਚ ਭਾਈ ਮਤੀ ਦਾਸ ਨੇ ਆਰੇ ਦੇ ਤਿੱਖੇ ਦੰਦਿਆਂ, ਭਾਈ ਦਿਆਲਾ ਜੀ ਨੇ ਉਬਲਦੀ ਦੇਗ ਅਤੇ ਭਾਈ ਸਤੀ ਦਾਸ ਨੇ ਮਚਦੀਆਂ ਲਾਟਾਂ ਦੇ ਕਹਿਰ ਵਿਚ ਬੇਮਿਸਾਲ ਅਡੋਲਤਾ ਦਿਖਾਈ। ਗੁਰੂ ਜੀ ਅਤੇ ਸਿੱਖਾਂ ਨੂੰ ਡਰਾਉਣ ਲਈ ਕੀਤੇ ਇਹ ਖ਼ੌਫਨਾਕ ਮੰਜ਼ਰ ਗੁਰੂ ਜੀ ਅਤੇ ਸਿੱਖਾਂ ਦੇ ਸਿਦਕ ਸਾਹਮਣੇ ਨਿਸਫਲ ਹੋ ਗਏ। ਗੁਰੂ ਜੀ ਲਈ ਜੀਵਨ ਨਹੀਂ, ਅਦਰਸ਼ ਵੱਡਾ ਸੀ। ਸੁਆਰਥਾਂ ਦੀ ਥਾਂ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਦਾ ਚਾਅ ਸੀ। ਗੁਰੂ ਜੀ ਨੇ ਮਹਾਨ ਸ਼ਹਾਦਤ ਦੇ ਕੇ ਸਰਬ ਧਰਮ ਸਨਮਾਨ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਦੀ ਬਲਬਾਨ ਪ੍ਰੇਰਨਾ ਜਗਾਈ। ਗੁਰੂ ਜੀ ਦੇ ਪਾਵਨ ਲਹੂ ਵਿਚੋਂ ਨਿਰਧਨ ਨੂੰ ਪਾਲਣ ਅਤੇ ਦੁਸ਼ਟ ਨੂੰ ਗਾਲਣ ਵਾਲਾ ਅਮਰ ਖ਼ਾਲਸਾ ਪੈਦਾ ਹੋਇਆ।


ਤੇਗ਼ ਬਹਾਦਰ ਬੋਲਿਆ,ਧਰ ਪਈਐ ਧਰਮ ਨ ਛੋੜੀਐ
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ
ਧਰਮ ਦੇ ਰਾਖੇ ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿ ਕੋਟਿ ਪ੍ਰਣਾਮ
ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਨੌਜਵਾਨ ਸਿੱਖ ਆਗੂ ਅਤੇ
ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ
ਦੀ ਸੁਪਰੀਮ ਕੌਂਸਲ ਦੇ ਸੀਨੀਅਰ ਮੈਂਬਰ
ਸ. ਰਾਜਿੰਦਰ ਸਿੰਘ ਰਾਜਾ


ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਹਿੰਦ ਦੀ ਚਾਦਰ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,
ਭਾਈ ਦਿਆਲਾ ਜੀ
ਦੇ 350ਵੇਂ ਸਹੀਦੀ ਦਿਹਾੜੇ ਨੂੰ
ਕੋਟਿਨ ਕੋਟਿ ਪ੍ਰਣਾਮ
ਦੁਸਾਂਝ ਫੈਮਿਲੀ, ਆਟੋ ਗਰੁੱਪ